Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 81 | Tuesday, April 26, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਫਰੀਡਮ ਕੌਨਵੌਏ ਖਿਲਾਫ ਐਮਰਜੰਸੀ ਐਕਟ ਦੀ ਵਰਤੋਂ ਲਈ ਸਰਕਾਰ ਨੇ ਇਨਕੁਆਰੀ ਕਰਵਾਉਣ ਦਾ ਕੀਤਾ ਐਲਾਨ



ਓਟਵਾ, 25 ਅਪਰੈਲ (ਪੋਸਟ ਬਿਊਰੋ) : ਸਰਕਾਰ ਵੱਲੋਂ ਐਮਰਜੰਸੀ ਐਕਟ ਦੀ ਵਰਤੋਂ ਦਾ ਪੱਖ ਪੂਰਦਿਆਂ ਹੋਇਆਂ ਫੈਡਰਲ ਮੰਤਰੀਆਂ ਵੱਲੋਂ ਇਸ ਸਾਲ ਦੇ ਸ਼ੁਰੂ ਵਿੱਚ ਫਰੀਡਮ ਕੌਨਵੌਏ ਵੱਲੋਂ ਕੈਨੇਡੀਅਨ ਸਰਹੱਦਾਂ ਉੱਤੇ ਲਾਏ ਗਏ ਬਲਾਕੇਡਜ਼ ਨੂੰ ਖ਼ਤਮ ਕਰਨ ਲਈ ਲਿਆਂਦੇ ਗਏ ਐਮਰਜੰਸੀ ਐਕਟ ਦੀ ਜਾਂਚ ਲਈ ਸੋਮਵਾਰ ਨੂੰ ਆਜ਼ਾਦਾਨਾ ਜਨਤਕ ਇਨਕੁਆਰੀ ਕਰਵਾਉਣ ਦਾ ਐਲਾਨ ਕੀਤਾ ਗਿਆ।

ਇਤਿਹਾਸ ਵਿੱਚ ਪਹਿਲੀ ਵਾਰੀ 14 ਫਰਵਰੀ ਨੂੰ ਲਿਬਰਲ ਸਰਕਾਰ ਨੇ ਇਸ ਐਕਟ ਤਹਿਤ ਐਮਰਜੰਸੀ ਦਾ ਐਲਾਨ ਕੀਤਾ। ਇਸ ਤੋਂ ਬਾਅਦ ਸਰਹੱਦਾਂ ਉੱਤੇ ਲਾਏ ਗਏ ਬਲਾਕੇਡਜ਼ ਨੂੰ ਹਟਾਉਣ ਲਈ ਪੁਲਿਸ ਨੂੰ ਆਰਜ਼ੀ ਤੌਰ ਉੱਤੇ ਵਾਧੂ ਸ਼ਕਤੀਆਂ ਦੇ ਦਿੱਤੀਆਂ ਗਈਆਂ ਤੇ ਇਸ ਦੇ ਨਾਲ ਹੀ ਫਰੀਡਮ ਕੌਨਵੌਏ ਵਿੱਚ ਸ਼ਾਮਲ ਕੁੱਝ ਵਿਅਕਤੀਆਂ ਦੇ ਖਾਤੇ ਫਰੀਜ਼ ਕਰਨ ਦੇ ਹੁਕਮ ਵੀ ਬੈਂਕਾਂ ਨੂੰ ਦੇ ਦਿੱਤੇ ਗਏ। ਇਸ ਐਮਰਜੰਸੀ ਐਕਟ ਦੇ ਐਲਾਨ ਤੋਂ ਬਾਅਦ ਪੁਲਿਸ ਨੂੰ ਹਾਸਲ ਹੋਈਆਂ ਆਰਜ਼ੀ ਸ਼ਕਤੀਆਂ ਦਾ ਮਤਲਬ ਇਹ ਸੀ ਕਿ ਮੁਜ਼ਾਹਰਾਕਾਰੀਆਂ ਤੇ ਉਨ੍ਹਾਂ ਦੇ ਸਮਰਥਕਾਂ ਨੂੰ 5000 ਡਾਲਰ ਤੱਕ ਦੇ ਜੁਰਮਾਨੇ ਜਾਂ ਪੰਜ ਸਾਲ ਦੀ ਕੈਦ ਦਾ ਸਾਹਮਣਾ ਕਰਨਾ ਪੈ ਸਕਦਾ ਸੀ।

ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਇਹ ਫੈਸਲਾ ਬਹੁਤ ਹੀ ਜ਼ਰੂਰੀ ਸੀ, ਅਜਿਹਾ ਕਰਨਾ ਬਿਲਕੁਲ ਠੀਕ ਸੀ। ਐਮਰਜੰਸੀ ਐਕਟ ਤਹਿਤ ਇਹ ਪ੍ਰਬੰਧ ਹੈ ਕਿ ਸਰਕਾਰ ਇਸ ਐਕਟ ਨੂੰ ਲਾਗੂ ਕਰਨ ਤੋਂ 60 ਦਿਨਾਂ ਦੇ ਅੰਦਰ ਜਾਂਚ ਕਰਵਾ ਸਕਦੀ ਹੈ। ਜਿਸ ਤਹਿਤ ਇਹ ਜਾਂਚ ਕੀਤੀ ਜਾ ਸਕਦੀ ਹੈ ਕਿ ਜਿਨ੍ਹਾਂ ਹਾਲਾਤ ਵਿੱਚ ਐਮਰਜੰਸੀ ਐਲਾਨੀ ਗਈ ਕੀ ਉਹ ਸਹੀ ਸਨ? ਅਤੇ ਕੀ ਉਨ੍ਹਾਂ ਹਾਲਾਤ ਨਾਲ ਸਿੱਝਣ ਲਈ ਜਿਹੜੇ ਮਾਪਦੰਡ ਅਪਨਾਏ ਗਏ ਉਹ ਸਹੀ ਸਨ? ਇਸ ਕਾਨੂੰਨ ਤਹਿਤ ਜਾਂਚ ਦਾ ਐਲਾਨ ਕਰਨ ਲਈ ਸਰਕਾਰ ਕੋਲ ਸੋਮਵਾਰ ਦਾ ਦਿਨ ਆਖਰੀ ਦਿਨ ਸੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਓਨਟਾਰੀਓ ਅਪੀਲ ਕੋਰਟ ਦੇ ਜੱਜ ਪਾਲ ਐਸ ਰੂਲੋ ਨੂੰ ਇਨਕੁਆਰੀ ਕਮਿਸ਼ਨਰ ਥਾਪਿਆ ਗਿਆ ਹੈ। ਰੂਲੋ ਨੂੰ ਹੁਣ 20 ਫਰਵਰੀ, 2023 ਤੱਕ ਫੈਡਰਲ ਸਰਕਾਰ ਨੂੰ ਇੰਗਲਿਸ਼ ਤੇ ਫਰੈਂਚ ਵਿੱਚ ਫਾਈਨਲ ਰਿਪੋਰਟ ਮੁਹੱਈਆ ਕਰਵਾਉਣੀ ਹੋਵੇਗੀ।

## ਟਵਿੱਟਰ ਨੂੰ ਖਰੀਦਣ ਲਈ ਐਲਨ ਮਸਕ ਨੇ ਕੀਤਾ 44 ਬਿਲੀਅਨ ਡਾਲਰ ਦਾ ਸਮਝੌਤਾ



ਵਾਸ਼ਿੰਗਟਨ, 25 ਅਪਰੈਲ (ਪੋਸਟ ਬਿਊਰੋ) : ਸੋਮਵਾਰ ਨੂੰ ਟਵਿੱਟਰ ਨੂੰ ਖਰੀਦਣ ਲਈ ਐਲਨ ਮਸਕ ਲੱਗਭਗ 44 ਬਿਲੀਅਨ ਡਾਲਰ ਦੇ ਸਮਝੌਤੇ ਉੱਤੇ ਪਹੁੰਚ ਗਏ। ਜੇ ਇਹ ਸਮਝੌਤਾ ਸਿਰੇ ਚੜ੍ਹਦਾ ਹੈ ਤਾਂ ਮਸਕ ਇਸ ਪਲੇਟਫਾਰਮ ਦੀ ਵਰਤੋਂ ਕਰਦਿਆਂ ਹੋਇਆਂ ਆਪਣੇ ਨਿਜੀ ਹਿਤਾਂ ਨੂੰ ਪ੍ਰਮੋਟ ਕਰ ਸਕਣਗੇ, ਆਪਣੇ ਆਲੋਚਕਾਂ ਉੱਤੇ ਹਮਲੇ ਕਰ ਸਕਣਗੇ, ਤੇ ਸੋਸ਼ਲ ਤੇ ਇਕਨੌਮਿਕ ਮੁੱਦਿਆਂ ਉੱਤੇ ਟੀਕਾ ਟਿੱਪਣੀ ਕਰ ਸਕਣਗੇ। ਇਸ ਸਮੇਂ ਟਵਿੱਟਰ ਦੇ 83 ਮਿਲੀਅਨ ਫੌਲੋਅਰਜ਼ ਹਨ।

ਟੈਸਲਾ ਦੇ ਇਸ ਬੜਬੋਲੇ ਸੀਈਓ, ਜੋ ਕਿ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਹੈ, ਨੇ ਆਖਿਆ ਕਿ ਉਹ ਟਵਿੱਟਰ ਨੂੰ ਖਰੀਦਣਾ ਤੇ ਇਸ ਦਾ ਨਿਜੀਕਰਨ ਕਰਨਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਮੁਤਾਬਕ ਟਵਿੱਟਰ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੇ ਪਲੇਟਫਾਰਮ ਵਜੋਂ ਆਪਣੀ ਪੂਰੀ ਸਮਰੱਥਾ ਮੁਤਾਬਕ ਕੰਮ ਨਹੀਂ ਕਰ ਰਿਹਾ। ...ਬਾਕੀ ਪੰਨਾ 3 'ਤੇ

## ਸੈਂਟਰਲ ਬੈਂਕ ਨੇ ਵਿਆਜ਼ ਦਰਾਂ ਵਿੱਚ ਹੋਰ ਵਾਧਾ ਕਰਨ ਦੀ ਦਿੱਤੀ ਚੇਤਾਵਨੀ



ਓਟਵਾ, 25 ਅਪਰੈਲ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਦੇ ਗਵਰਨਰ ਵੱਲੋਂ ਇਹ ਸੰਕੇਤ ਦਿੱਤਾ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਜੂਨ ਵਿੱਚ ਵਿਆਜ਼ ਦਰਾਂ ਵਿੱਚ ਅੱਧਾ ਫੀ ਸਦੀ ਅੰਕ ਦਾ ਵਾਧਾ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਅਜਿਹਾ ਮਹਿੰਗਾਈ ਦੀ ਦਰ ਨੂੰ ਕਾਬੂ ਵਿੱਚ ਰੱਖਣ ਲਈ ਕੀਤਾ ਜਾਵੇਗਾ।

ਅੱਜ ਟਿੱਫ ਮੈਕਲਮ ਹਾਊਸ ਆਫ ਕਾਮਨਜ਼ ਦੀ ਫਾਇਨਾਂਸ ਬਾਰੇ ਸਟੈਂਡਿੰਗ ਕਮੇਟੀ ਸਾਹਮਣੇ ਪੇਸ਼ ਹੋਣਗੇ। ਦੋ ਹਫਤੇ ਪਹਿਲਾਂ ਸੈਂਟਰਲ ਬੈਂਕ ਨੇ ਆਪਣੀ ਵਿਆਜ਼ ਦਰਾਂ ਵਿੱਚ ਅੱਧਾ ਅੰਕ ਤੋਂ ਇੱਕ ਫੀ ਸਦੀ ਤੱਕ ਵਾਧਾ ਕੀਤਾ ਸੀ। ਉਸ ਸਮੇਂ ਹੀ ਬੈਂਕ ਵੱਲੋਂ ਵਿਆਜ਼ ਦਰਾਂ ਵਿੱਚ ਹੋਰ ਵਾਧਾ ਕੀਤੇ ਜਾਣ ਦੀ ਚੇਤਾਵਨੀ ਦੇ ਦਿੱਤੀ ਗਈ ਸੀ।

ਮੈਕਲਮ ਨੇ ਆਖਿਆ ਕਿ ਬੈਂਕ ਵੱਲੋਂ ਜੂਨ ਵਿੱਚ ਅੱਧਾ ਫੀ ਸਦੀ ਅੰਕ ਨਾਲ ਵਿਆਜ਼ ਦਰਾਂ ਵਿੱਚ ਵਾਧਾ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ। ਮਾਰਚ ਵਿੱਚ ਕੈਨੇਡਾ ਵਿੱਚ ਮਹਿੰਗਾਈ ਦਰ ਤਿੰਨ ਦਹਾਕਿਆਂ ਵਿੱਚ ਸਭ ਤੋਂ ਵੱਧ 6.7 ਫੀ ਸਦੀ ਪਾਈ ਗਈ। ਇਹ ਜਨਵਰੀ ਵਿੱਚ ਸੈਂਟਰਲ ਬੈਂਕ ਵੱਲੋਂ ਪੇਸ਼ ਕੀਤੀ ਗਈ ਆਪਣੀ ਮੌਨੈਟਰੀ ਰਿਪੋਰਟ ਵਿੱਚ ਪੇਸ਼ ਕੀਤੇ ਗਏ ਕਿਆਸ ਨਾਲੋਂ ਕਿਤੇ ਜ਼ਿਆਦਾ ਸੀ।

ਮੈਕਲਮ ਨੇ ਇਹ ਵੀ ਆਖਿਆ ਕਿ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਕਾਰਨ ਐਨਰਜੀ ਤੇ ਹੋਰਨਾਂ ਵਸਤਾਂ ਦੀਆਂ ਕੀਮਤਾਂ ਵਿੱਚ ਕਾਫੀ ਵਾਧਾ ਹੋਇਆ ਹੈ। ਇਸ ਨਾਲ ਗਲੋਬਲ ਸਪਲਾਈ ਚੇਨਜ਼ ਵਿੱਚ ਵੀ ਵਾਧਾ ਹੋਣ ਦਾ ਖਦਸ਼ਾ ਹੈ। ਪਰ ਉਨ੍ਹਾਂ ਆਖਿਆ ਕਿ ਕੀਮਤਾਂ ਉੱਤੇ ਘਰੇਲੂ ਦਬਾਅ ਵੀ ਪੈ ਰਿਹਾ ਹੈ।

## ਬਰੈਂਪਟਨ ਵਿੱਚ ਛੁਰੇਬਾਜ਼ੀ ਕਾਰਨ ਇੱਕ ਜ਼ਖ਼ਮੀ



ਬਰੈਂਪਟਨ, 25 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਇੱਕ ਹੋਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਪੁਲਿਸ ਨੂੰ ਦੁਪਹਿਰੇ 2:24 ਉੱਤੇ ਸੈਂਡਲਵੁੱਡ ਪਾਰਕਵੇਅ ਤੇ ਡਿਕਸੀ ਰੋਡ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਬਾਲਗ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਉਨ੍ਹਾਂ ਨੂੰ ਇੱਥੇ ਮਿਲਿਆ ਤੇ ਉਸ ਨੂੰ ਫੌਰਨ ਟਰੌਮਾ ਸੈਂਟਰ ਲਿਜਾਇਆ ਗਿਆ। ਪੀਲ ਰੀਜਨਲ ਪੈਰਾਮੈਡਿਕ ਸਰਵਿਸਿਜ਼ ਨੇ ਦੱਸਿਆ ਕਿ ਉਸ ਵਿਅਕਤੀ ਦੀ ਹਾਲਤ ਨਾਜ਼ੁਕ ਸੀ।

ਮਸ਼ਕੂਕ ਮੌਕਾ ਏ ਵਾਰਦਾਤ ਤੋਂ ਪੈਦਲ ਹੀ ਭੱਜਣ ਵਿੱਚ ਕਾਮਯਾਬ ਰਿਹਾ ਪਰ ਉਸ ਨੂੰ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ। ਅਜੇ ਤੱਕ ਇਸ ਸਬੰਧੀ ਹੋਰ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸੇ ਕਰਕੇ ਇਲਾਕੇ ਵਿੱਚ ਭਾਰੀ ਮਾਤਰਾ ਵਿੱਚ ਪੁਲਿਸ ਮੌਜੂਦ ਹੈ।


NOW HIRING !!! ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL 416 938 4598

MOTEL FOR SALE ON HWY 7 IN THE MIDDLE OF TORONTO AND OTTAWA
$1,275,000
•Excellent Cash Flow And Low Vacancy Rate •Low Operating Costs •Many Recent Upgrades To Rooms •New Security Camera System •Plan Approved For Additional Unit
RAJ HANDA BROKER OF RECORD DIR: 647-546-5228 OFF: 905-457-4588 SAVE MAX GLOBAL REALTY RAJ@SAVEMAXGLOBALREALTY.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT Serving you from one of the Largest Offices in GTA !
GURVIR DHILLON Sales Representative Dir: 647-409-1302
170 Steelwell Rd., Unit 200, Brampton, ON L6T 5T3 gaggi04@hotmail.com www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
• Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP
JATINDERBIR S BAJWA Insurance Broker Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

ਨਵਾਂ ਘਾਹ ਲਵਾਉ | 647-784-1213 www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਸਕੂਲ ਦੇ ਬਾਹਰ ਛੁਰੇਬਾਜ਼ੀ ਕਾਰਨ ਟੀਨੇਜਰ ਜ਼ਖ਼ਮੀ, 2 ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 25 ਅਪਰੈਲ (ਪੋਸਟ ਬਿਊਰੋ) : ਸੋਮਵਾਰ ਦੁਪਹਿਰੇ ਬਰਚਮਾਊਂਟ ਪਾਰਕ ਕਾਲਜੀਏਟ ਇੰਸਟੀਚਿਊਟ ਨੇੜੇ ਇੱਕ ਟੀਨੇਜਰ ਉੱਤੇ ਚਾਕੂ ਨਾਲ ਵਾਰ ਕਰਨ ਵਾਲੇ ਦੋ ਮਸ਼ਕੂਕਾਂ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।




ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰੇ 3:30 ਤੋਂ ਪਹਿਲਾਂ ਬਰਚਮਾਊਂਟ ਰੋਡ ਤੇ ਕਿੰਗਸਟਨ ਰੋਡ ਇਲਾਕੇ ਵਿੱਚ ਛੁਰੇਬਾਜ਼ੀ ਦੀ ਘਟਨਾ ਵਾਪਰਨ ਦੀਆਂ ਰਿਪੋਰਟਾਂ ਮਿਲੀਆਂ। ਇੰਸਪੈਕਟਰ ਪਾਲ ਕ੍ਰਾਅਜ਼ਿਕ ਨੇ ਦੱਸਿਆ ਕਿ ਸਕੂਲ ਦੀ ਪ੍ਰਾਪਰਟੀ ਉੱਤੇ ਹੀ ਤਿੰਨ ਲੜਕਿਆਂ ਵਿੱਚ ਬਹਿਸ ਹੋਈ, ਜਿਸ ਤੋਂ ਬਾਅਦ ਇਹ ਘਟਨਾ ਵਾਪਰੀ। ਇੱਕ ਲੜਕੇ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਪੁਲਿਸ ਦੋ ਹੋਰਨਾਂ ਦੀ ਭਾਲ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਇੱਕ 14 ਸਾਲਾ ਲੜਕਾ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋਇਆ ਤੇ ਮਸ਼ਕੂਕਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਬਾਰੇ ਅਜੇ ਕੋਈ ਵੇਰਵਾ ਹਾਸਲ ਨਹੀਂ ਹੋਇਆ। ਦਿਨ ਵੇਲੇ ਪੁਲਿਸ ਨੇ ਇਹ ਤਾਂ ਆਖਿਆ ਕਿ ਉਹ ਜਾਣਦੇ ਹਨ ਕਿ ਕਿਸ ਦੀ ਭਾਲ ਕਰ ਰਹੇ ਹਨ ਪਰ ਉਨ੍ਹਾਂ ਇਸ ਸਬੰਧੀ ਕੋਈ ਹੋਰ ਵੇਰਵੇ ਮੁਹੱਈਆ ਨਹੀਂ ਕਰਵਾਏ। ਮਾਪਿਆਂ ਨੂੰ ਭੇਜੇ ਪੱਤਰ ਵਿੱਚ ਦੱਸਿਆ ਗਿਆ ਕਿ ਜ਼ਖ਼ਮੀ ਵਿਅਕਤੀ ਸਕੂਲ ਦਾ ਵਿਦਿਆਰਥੀ ਹੀ ਹੈ ਤੇ ਘਟਨਾ 3:10 ਉੱਤੇ ਵਾਪਰੀ ਜਦੋਂ ਸਟਾਫ ਤੇ ਵਿਦਿਆਰਥੀ ਛੁੱਟੀ ਕਰਕੇ ਘਰਾਂ ਨੂੰ ਜਾ ਚੁੱਕੇ ਸਨ।

# ਅਨਵੈਕਸੀਨੇਟਿਡ ਲੋਕਾਂ ਨਾਲ ਰਹਿਣ ਕਾਰਨ ਵੈਕਸੀਨੇਸ਼ਨ ਕਰਵਾ ਚੁੱਕੇ ਲੋਕਾਂ ਨੂੰ ਵੀ ਕੋਵਿਡ-19 ਹੋਣ ਦਾ ਖਤਰਾ

ਮਾਂਟਰੀਅਲ, 25 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਦਾ ਟੀਕਾਕਰਣ ਨਾ ਕਰਵਾਉਣਾ ਅਕਸਰ ਕਿਸੇ ਦੀ ਨਿਜੀ ਪਸੰਦ ਜਾਂ ਤਰੀਹ ਮੰਨੀ ਜਾਂਦੀ ਹੈ ਪਰ ਜਿਨ੍ਹਾਂ ਕੋਵਿਡ-19 ਟੀਕਾਕਰਣ ਨਹੀਂ ਕਰਵਾਇਆ ਉਹ ਆਪਣੇ ਲਈ ਹੀ ਨਹੀਂ ਸਗੋਂ ਆਪਣੇ ਆਲੇ ਦੁਆਲੇ ਵਾਲੇ ਲੋਕਾਂ ਲਈ ਇਨਫੈਕਸ਼ਨ ਦਾ ਖਤਰਾ ਖੜ੍ਹਾ ਕਰ ਰਹੇ ਹਨ। ਇਹ ਖੁਲਾਸਾ ਇੱਕ ਨਵੇਂ ਸਰਵੇਖਣ ਤੋਂ ਹੋਇਆ।

ਸੋਮਵਾਰ ਨੂੰ ਕੈਨੇਡੀਅਨ ਮੈਡੀਕਲ ਐਸੋਸਿਏਸ਼ਨ ਜਰਨਲ ਵੱਲੋਂ ਪਬਲਿਸ਼ ਕੀਤੀ ਗਈ ਖੋਜ ਵਿੱਚ ਪਾਇਆ ਗਿਆ ਕਿ ਜਿਹੜੇ ਲੋਕ ਅਜਿਹੇ ਲੋਕਾਂ ਨਾਲ ਘੁਲਮਿਲ ਜਾਂਦੇ ਹਨ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ ਉਨ੍ਹਾਂ ਦੇ ਇਨਫੈਕਸ਼ਨ ਹੋਣ ਦਾ ਖਤਰਾ ਜ਼ਿਆਦਾ ਰਹਿੰਦਾ ਹੈ ਜਿਹੜੇ ਉਨ੍ਹਾਂ ਨਾਲ ਰਹਿੰਦੇ ਹਨ ਜਿਨ੍ਹਾਂ ਨੇ ਵੈਕਸੀਨੇਸ਼ਨ ਕਰਵਾਈ ਹੋਈ ਹੈ। ਇਸ ਅਧਿਐਨ ਵਿੱਚ ਵਰਤੇ ਗਏ ਮੈਥਡ ਅਨੁਸਾਰ ਅਨਵੈਕਸੀਨੇਟਿਡ ਲੋਕ ਜੇ ਵੈਕਸੀਨੇਸ਼ਨ ਕਰਵਾ ਚੁੱਕੇ ਲੋਕਾਂ ਨਾਲ ਸਮਾਂ ਗੁਜ਼ਾਰਦੇ ਹਨ ਤਾਂ ਉਹ ਬਿਮਾਰੀ ਨੂੰ ਅੱਗੇ ਫੈਲਾਉਣ ਦਾ ਸਾਧਨ ਬਣ ਜਾਂਦੇ ਹਨ।




ਰਿਪੋਰਟ ਦੇ ਸਹਿ-ਲੇਖਕ ਯੂਨੀਵਰਸਿਟੀ ਆਫ ਟੋਰਾਂਟੋ ਦੇ ਡਾਲਾ ਲਾਨਾ ਸਕੂਲ ਆਫ ਪਬਲਿਕ ਹੈਲਥ ਦੇ ਡੇਵਿਡ ਫਿਸ਼ਮੈਨ ਨੇ ਆਖਿਆ ਕਿ ਵੈਕਸੀਨੇਸ਼ਨ ਕਰਵਾਉਣ ਦੀ ਪਸੰਦ ਨਿਜੀ ਹੀ ਨਹੀਂ ਹੋ ਸਕਦੀ। ਉਨ੍ਹਾਂ ਇੱਕ ਇੰਟਰਵਿਊ ਵਿੱਚ ਮਿਸਾਲ ਦਿੰਦਿਆਂ ਆਖਿਆ ਕਿ ਤੁਸੀਂ ਆਪਣੀ ਕਾਰ ਹਾਈਵੇਅ ਉੱਤੇ 200 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚਲਾਉਣੀ ਪਸੰਦ ਕਰ ਸਕਦੇ ਹੋਂ ਪਰ ਅਸੀਂ ਤੁਹਾਨੂੰ ਅਜਿਹਾ ਨਹੀਂ ਕਰਨ ਦੇ ਸਕਦੇ ਕਿਉਂਕਿ ਤੁਸੀਂ ਨਾ ਸਿਰਫ ਖੁਦ ਨੂੰ ਜ਼ਖ਼ਮੀ ਕਰ ਸਕਦੇ ਹੋਂ ਜਾਂ ਤੁਹਾਡੀ ਜਾਨ ਵੀ ਜਾ ਸਕਦੀ ਹੈ ਪਰ ਇਸ ਲਈ ਵੀ ਕਿ ਤੁਸੀਂ ਤੁਹਾਡੇ ਆਲੇ ਦੁਆਲੇ ਵਾਲੇ ਲੋਕਾਂ ਲਈ ਵੀ ਖਤਰੇ ਦਾ ਬਾਇਸ ਹੋ ਸਕਦੇ ਹੋਂ।

# ਟਵਿੱਟਰ ਨੂੰ ਖਰੀਦਣ ਲਈ ਐਲਨ ਮਸਕ ਨੇ ਕੀਤਾ 44 ਬਿਲੀਅਨ ਡਾਲਰ ਦਾ ਸਮਝੌਤਾ

ਪੰਨਾ 1 ਦਾ ਬਾਕੀ


ਐਲਨ ਮਸਕ ਨੇ ਟਵਿੱਟਰ ਨਾਲ ਇੱਕ ਸਾਂਝੇ ਬਿਆਨ ਵਿੱਚ ਆਖਿਆ ਕਿ ਨਵੇਂ ਫੀਚਰਜ਼ ਨਾਲ ਉਹ ਇਸ ਸੇਵਾ ਨੂੰ ਪਹਿਲਾਂ ਨਾਲੋਂ ਬਿਹਤਰ ਬਣਾਉਣਾ ਚਾਹੁੰਦੇ ਹਨ ਜਿਵੇਂ ਕਿ ਸਪੈਮ ਬੌਟਸ ਨੂੰ ਹਟਾ ਕੇ ਤੇ ਦਿਲਚਸਪੀ ਵਧਾਉਣ ਲਈ ਇਸ ਦੇ ਐਲਗੋਰਿਦਮ ਨੂੰ ਜਨਤਾ ਲਈ ਖੋਲ੍ਹ ਕੇ ਉਹ ਅਜਿਹਾ ਕਰਨਾ ਚਾਹੁੰਦੇ ਹਨ।

ਇਹ ਡੀਲ ਉਸ ਸਮੇਂ ਚਰਚਾ ਵਿੱਚ ਆਈ ਜਦੋਂ ਦੋ ਹਫਤੇ ਪਹਿਲਾਂ ਐਲਨ ਮਸਕ ਨੇ ਟਵਿੱਟਰ ਵਿੱਚ ਨੌਂ ਫੀ ਸਦੀ ਹਿੱਸੇਦਾਰੀ ਖਰੀਦਣ ਦਾ ਖੁਲਾਸਾ ਕੀਤਾ। ਫਿਰ ਪਿਛਲੇ ਹਫਤੇ ਮਸਕ ਨੇ ਆਖਿਆ ਕਿ ਉਹ ਟਵਿੱਟਰ ਨੂੰ ਖਰੀਦਣ ਲਈ 46.5 ਬਿਲੀਅਨ ਡਾਲਰ ਰਾਖਵੇਂ ਰੱਖੀ ਬੈਠੇ ਹਨ। ਟਵਿੱਟਰ ਨੇ ਆਖਿਆ ਕਿ ਇਸ ਡੀਲ ਨੂੰ ਬੋਰਡ ਆਫ ਡਾਇਰੈਕਟਰਜ਼ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ। 11 ਮੈਂਬਰੀ ਬੋਰਡ ਵਿੱਚ ਟਵਿੱਟਰ ਦੇ ਸਹਿ-ਬਾਨੀ ਤੇ ਸਾਬਕਾ ਸੀਈਓ ਜੈਕ ਡੌਰਸੀ ਵੀ ਸ਼ਾਮਲ ਹਨ, ਜਿਨ੍ਹਾਂ ਨੇ ਮਈ ਵਿੱਚ ਬੋਰਡ ਤੋਂ ਪਾਸੇ ਹੋਣ ਦਾ ਮਨ ਬਣਾਇਆ ਹੋਇਆ ਹੈ। ਟਵਿੱਟਰ ਨੇ ਆਖਿਆ ਕਿ ਇਹ ਡੀਲ ਇਸ ਸਾਲ ਕਦੇ ਵੀ ਸਿਰੇ ਚੜ੍ਹ ਸਕਦੀ ਹੈ ਤੇ ਇਸ ਦੀ ਮਨਜ਼ੂਰੀ ਟਵਿੱਟਰ ਦੇ ਸਟੌਕਹੋਲਡਰਜ਼ ਤੇ ਰੈਗੂਲੇਟਰਜ਼ ਦੀ ਮਨਜ਼ੂਰੀ ਉੱਤੇ ਨਿਰਭਰ ਕਰੇਗੀ।

# ਯੂਕਰੇਨ ਨੂੰ ਅਮਰੀਕਾ ਵੱਲੋਂ ਫ਼ੌਜੀ ਮੱਦਦ ਭੇਜਣ ਉੱਤੇ ਰੂਸ ਭੜਕਿਆ

ਲੰਡਨ, 25 ਅਪਰੈਲ, (ਪੋਸਟ ਬਿਊਰੋ)- ਯੂਕਰੇਨ ਵਿੱਚ ਚੱਲਦੀ ਜੰਗ ਵਿੱਚ ਅਮਰੀਕਾ ਤੇ ਹੋਰ ਪੱਛਮੀ ਦੇਸ਼ ਲਗਾਤਾਰ ਯੂਕਰੇਨ ਨੂੰ ਫੌਜੀ ਮੱਦਦ ਦੇ ਰਹੇ ਹਨ। ਅੱਜ ਰੂਸ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਯੂਕਰੇਨ ਲਈ ਕਿਸੇ ਵੀ ਤਰ੍ਹਾਂ ਦੀ ਫੌਜੀ ਮੱਦਦ ਨਾ ਭੇਜੇ, ਵਰਨਾ ਸਥਿਤੀ ਖਰਾਬ ਹੋਵੇਗੀ।

ਵਾਸ਼ਿੰਗਟਨ ਵਿੱਚ ਮਾਸਕੋ ਦੇ ਰਾਜਦੂਤ ਅਨਾਤੋਲੀ ਐਂਟੋਨੋਵ ਨੇ ਕਿਹਾ ਕਿ ਅਸੀਂ ਅਮਰੀਕਾ ਨੂੰ ਯੂਕਰੇਨ ਫੌਜ ਦੇ ਲਈ ਹਥਿਆਰਾਂ ਦੀ ਖੇਪ ਨਾ ਭੇਜਣ ਲਈ ਕਿਹਾ ਹੈ। ਅਮਰੀਕਾ ਵੱਲੋਂ ਇਹ ਮਦਦ ਭੇਜਣਾ ਸਾਨੂੰ ਸਵੀਕਾਰ ਨਹੀਂ। ਉਨ੍ਹਾ ਇਹ ਦੱਸਿਆ ਕਿ ਰੂਸ ਤੋਂ ਵਾਸ਼ਿੰਗਟਨ ਨੂੰ ਇੱਕ ਡਿਪਲੋਮੈਟਿਕ ਨੋਟ ਭੇਜਿਆ ਗਿਆ ਹੈ। ਅਨਾਤੋਲੀ ਐਂਟੋਨੋਵ ਨੇ ਕਿਹਾ ਕਿ ਅਮਰੀਕਾ ਵੱਲੋਂਯੂਕਰੇਨ ਨੂੰ ਭੇਜੀ ਜਾਂਦੀ



ਏਦਾਂ ਦੀ ਹਥਿਆਰਾਂ ਦੀ ਸਪਲਾਈ ਸੰਘਰਸ਼ ਹੋਰ ਵਧਾ ਦੇਵੇਗੀ।

ਓਧਰ ਅਮਰੀਕੀ ਰੱਖਿਆ ਮੰਤਰੀ ਲੋਇਡ ਅਸਟਿਨ ਨੇ ਐਤਵਾਰ ਰਾਤ ਕੀਵ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਮੁਲਾਕਾਤ ਕੀਤੀ ਅਤੇ ਇਸ ਮੌਕੇ ਰੂਸੀ ਹਮਲੇ ਦੇ ਮੁਕਾਬਲੇ ਲਈ ਯੂਕਰੇਨ ਤੇ ਖੇਤਰ ਦੇ ਹੋਰ ਦੇਸ਼ਾਂ ਨੂੰ 713 ਮਿਲੀਅਨ ਡਾਲਰ ਦੀ ਮੱਦਦ ਦੇਣ ਦਾ ਵਾਅਦਾ ਕੀਤਾ।ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਲਗਾਤਾਰ ਅਮਰੀਕਾ ਅਤੇ ਮਿੱਤਰ ਯੂਰਪੀ ਦੇਸ਼ਾਂ ਨੂੰ ਫੌਜੀ ਮੱਦਦ ਦੇਣ ਦੀ ਅਪੀਲ ਕਰ ਰਹੇ ਹਨ।

ਇੱਕ ਰਿਪੋਰਟ ਮੁਤਾਬਕ ਅਮਰੀਕੀ ਸਰਕਾਰ ਨੇ ਵਾਸ਼ਿੰਗਟਨ ਵਿਚਲੇਰੂਸੀ ਦੂਤਘਰ ਦੇ ਕੰਮਾਂ ਉੱਤੇ ਅਣਐਲਾਨੀ ਪਾਬੰਦੀ ਲਾ ਦਿੱਤੀ ਹੈ।ਰੂਸ ਦੇ ਰਾਜਦੂਤ ਅਨਾਤੋਲੀ ਐਂਟੋਨੋਵ ਨੇ ਕਿਹਾ ਕਿ ਦੂਤਘਰ ਨੂੰ ਅਮਰੀਕੀ ਸਰਕਾਰੀ ਸੰਸਥਾਵਾਂ ਦੇ ਕੰਮ ਰੋਕਣ ਸਾਹਮਣਾ ਕਰਨਾ ਪੈਂਦਾ ਹੈ। ਬੈਂਕ ਆਫ ਅਮਰੀਕਾ ਨੇ ਹਿਊਸਟਨ ਅਤੇ ਨਿਊਯਾਰਕ ਵਿੱਚਰੂਸ ਦੇ ਵਪਾਰ ਕੌਂਸਲੇਟਸ ਦੇ ਬੈਂਕ ਖਾਤੇ ਬੰਦ ਕਰ ਦਿੱਤੇ ਅਤੇ ਫੋਨ ਅਤੇ ਮੇਲ ਰਾਹੀਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

# 60 ਸਾਲ ਵਿੱਚ ਪਹਿਲੀ ਵਾਰ ਕੋਲੋਰਾਡੋ ਨਦੀ ਤੇ ਪਾਵੇਲ ਝੀਲ ਸੁੱਕਣ ਨੇੜੇ ਪੁੱਜੀਆਂ

ਵਾਸ਼ਿੰਗਟਨ, 25 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਵਿੱਚ ਸੋਕੇ ਕਾਰਨ ਕੋਲੋਰਾਡੋ ਨਦੀ ਖ਼ਤਰੇ ਹੈ। ਪਿਛਲੇ 22 ਸਾਲਾਂ ਵਿੱਚ ਕੋਲੋਰਾਡੋ ਨਦੀ ਦੇ ਪਾਣੀ ਦੇ ਪੱਧਰ ਵਿੱਚ 20 ਫ਼ੀਸਦੀ ਦੀ ਕਮੀ ਆਈ ਹੈ। ਇਸ ਮੌਕੇ ਦੂਜੀ ਸਭ ਤੋਂ ਵੱਡੀ ਪਾਵੇਲ ਝੀਲ ਵੀ ਸੁੱਕਣ ਕੰਢੇ ਉੱਤੇ ਪਹੁੰਚ ਗਈ ਹੈ। ਲਗਾਤਾਰ ਸੋਕੇ ਕਾਰਨ 60 ਸਾਲਾਂ ਵਿੱਚ ਪਹਿਲੀ ਵਾਰ ਇਹ ਸਥਿਤੀ ਪੈਦਾ ਹੋਈ ਹੈ। ਪਿਛਲੇ 9 ਮਹੀਨਿਆਂ ਵਿੱਚ ਝੀਲ ਨੇ ਆਪਣਾ ਕਿਨਾਰਾ ਪਿੱਛੇ ਛੱਡ ਦਿੱਤਾ ਹੈ। ਇਹ ਅਮਰੀਕਾ ਦੀ ਦੂਜੀ ਸਭ ਤੋਂ ਵੱਡੀ ਮਨੁੱਖ ਦੁਆਰਾ ਬਣਾਈ ਗਈ ਝੀਲ ਹੈ। ਕੋਲੋਰਾਡ ਨਦੀ ਦਾ ਮੁੱਖ ਜਲ ਭੰਡਾਰ ਇਸ ਝੀਲ ਵਿੱਚ ਹੈ।

ਵਰਨਣ ਯੋਗ ਹੈ ਕਿ ਹਰ ਸਾਲ ਲੱਗਭਗ 20 ਲੱਖ ਸੈਲਾਨੀ ਇਸ ਝੀਲ ਉੱਤੇ ਛੁੱਟੀਆਂ ਮਨਾਉਣ ਆਉਂਦੇ ਸਨ। ਪਾਣੀ ਦਾ ਪੱਧਰ ਡਿੱਗਣ ਕਾਰਨ 22 ਲੱਖ ਹੈਕਟੇਅਰ ਵਾਹੀਯੋਗ ਜ਼ਮੀਨ ਉੱਤੇ ਸਿੰਚਾਈ ਦਾ ਸੰਕਟ ਹੋ ਗਿਆ ਹੈ। ਇਸ ਦੇ ਨਾਲ 4200 ਮੈਗਾਵਾਟ ਦਾ ਬਿਜਲੀ ਉਤਪਾਦਨ ਵੀ ਪ੍ਰਭਾਵਿਤ ਹੋਇਆ ਹੈ।ਯੂਟਾ ਅਤੇ ਐਰੀਜ਼ੋਨਾ ਰਾਜਾਂ ਵਿਚਕਾਰ ਪੈਂਦੀ ਇਹ ਝੀਲ ਗਲੇਨ ਕੈਨਿਯਨ ਡੈਮ ਵਿੱਚ ਹੜ੍ਹ ਆਉਣ ਪਿੱਛੋਂਬਣਾਈ ਗਈ ਸੀ। ਇਸ ਦੇ ਲਗਾਤਾਰ ਘਟਦੇ ਪਾਣੀ ਦੇ ਪੱਧਰ ਦਾ ਸਿੱਧਾ ਅਸਰ ਚਾਰ ਕਰੋੜ ਲੋਕਾਂ ਉੱਤੇ ਪਿਆ, ਜੋ ਆਪਣੀਆਂ ਲੋੜਾਂ ਲਈ ਇਸ ਉੱਤੇ ਨਿਰਭਰ ਹਨ। ਵਰਨਣ ਯੋਗ ਹੈ ਕਿ ਪਾਵੇਲ ਝੀਲ 1963 ਵਿੱਚ ਸ਼ੁਰੂ ਬਣਾਉਣੀ ਸ਼ੁਰੂ ਕੀਤੀ ਅਤੇ ਫਿਰ ਇਸ ਨੂੰ ਪੂਰੀ ਭਰਨ ਵਿੱਚ 17 ਸਾਲ ਲੱਗ ਗਏ। ਸਭ ਤੋਂ ਨੀਵਾਂ ਪਾਣੀ ਦਾ ਪੱਧਰ ਆਖ਼ਰੀ ਵਾਰ 2004 ਵਿੱਚ ਦੇਖਿਆ ਸੀ। ਉਦੋਂ ਵੀ ਝੀਲ ਵਿੱਚ ਆਪਣੀ ਸਟੋਰੇਜ਼ ਸਮਰੱਥਾ ਦਾ 36 ਫ਼ੀਸਦੀ ਪਾਣੀ ਵੀ ਨਹੀਂ ਬਚਿਆ ਸੀ।ਕੋਲੋਰਾਡੋ ਨਦੀ ਵਿੱਚ ਪਾਣੀ ਦਾ ਵਹਾਅ ਘਟਣ ਕਾਰਨ ਇਸ ਦੇ ਡੈਮ ਗਲੇਨ ਕੈਨਿਯਨ ਵਿੱਚ ਪਾਣੀ ਹੇਠਲੇ ਪੱਧਰ ਉੱਤੇਚਲਾ ਗਿਆ ਹੈ। ਡੈਮ ਦੇ ਪਾਣੀ ਦਾ ਪੱਧਰ 2019 ਤੋਂ ਲਗਾਤਾਰ ਕਈ ਸਾਲਾਂ ਤੋਂ ਘਟਦਾ ਜਾਂਦਾ ਹੈ। ਇਸ ਨਾਲ ਬਿਜਲੀ ਪ੍ਰਾਜੈਕਟ ਦਾ ਉਤਪਾਦਨ ਪ੍ਰਭਾਵਿਤ ਹੋਇਆ ਹੈ। ਕੋਲੋਰਾਡੋ ਨਾਲ ਜੁੜੀ ਦੇਸ਼ ਦੀ ਸਭ ਤੋਂ ਵੱਡੀ ਝੀਲ ਮੀਡ ਵਿੱਚ ਸਿਰਫ਼ 30 ਫ਼ੀਸਦੀ ਪਾਣੀ ਬਚਿਆ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011


# ਪਾਕਿ ਦੀ ਸ਼ਰੀਫ਼ ਸਰਕਾਰ ਵੱਲੋਂ ਕੈਦੀਆਂ ਦੀ ਦੋ ਮਹੀਨੇ ਸਜ਼ਾ ਮੁਆਫੀ ਦਾ ਐਲਾਨ

*** ਹਾਫਿਜ਼ ਸਈਦ ਵਰਗੇ ਅੱਤਵਾਦੀਆਂ ਨੂੰ ਮੁਆਫੀ ਨਹੀਂ ਮਿਲੇਗੀ**

ਲਾਹੌਰ, 25 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਈਦ-ਉਲ-ਫਿਤਰ ਤੋਂ ਪਹਿਲਾਂ ਕੈਦੀਆਂ ਦੀ ਸਜ਼ਾ ਵਿੱਚ ਦੋ ਮਹੀਨੇ ਦੀ ਛੋਟ ਦੇਣ ਦਾ ਐਲਾਨ ਕੀਤਾ ਹੈ। ਇਹ ਛੋਟ ਮੁੰਬਈ ਅੱਤਵਾਦੀ ਹਮਲੇ ਦੇ ਮੁੱਖ ਦੋਸ਼ੀ ਅਤੇ ਪਾਬੰਦੀਸ਼ੁਦਾ ਜਮਾਤ-ਉਦ-ਦਾਅਵਾ ਦੇ ਨੇਤਾ ਹਾਫਿਜ਼ ਸਈਦ ਸਮੇਤ ਅੱਤਵਾਦ ਦੇ ਕੇਸਾਂ ਦੇ ਦੋਸ਼ੀਆਂ ਉੱਤੇਲਾਗੂ ਨਹੀਂ ਹੋਵੇਗੀ। ਸ਼ਾਹਬਾਜ਼ ਸ਼ਰੀਫ ਨੇ ਐਤਵਾਰ ਨੂੰ ਏਥੇ ਉੱਚ ਸੁਰੱਖਿਆ ਵਾਲੀ ਕੋਟ ਲਖਪਤ ਜੇਲ੍ਹ ਦੇ ਦੌਰੇ ਦੌਰਾਨ ਛੋਟ ਦਾ ਐਲਾਨ ਕੀਤਾ, ਜਿਸ ਬਾਰੇ ਸੀਨੀਅਰ ਵਕੀਲ ਵਹੀਦ ਸ਼ਹਿਜ਼ਾਦ ਨੇ ਦੱਸਿਆ ਕਿ ਅੱਤਵਾਦ ਦੇਕੇਸਾਂਵਿੱਚ ਦੋਸ਼ੀ ਠਹਿਰਾਏ ਕੈਦੀਆਂ ਨੂੰ ਦੋ ਮਹੀਨਿਆਂ ਦੀ ਢਿੱਲ ਨਹੀਂ ਮਿਲੇਗੀ।

ਵਰਨਣ ਯੋਗ ਹੈ ਕਿ ਇਸ 8 ਅਪਰੈਲ ਨੂੰ ਅੱਤਵਾਦ ਵਿਰੋਧੀ ਅਦਾਲਤ ਨੇ ਹਾਫਿਜ਼ ਸਈਦ ਨੂੰ ਅੱਤਵਾਦੀ ਫੰਡਿੰਗ ਦੇ ਦੋ ਹੋਰ ਕੇਸਾਂ ਵਿੱਚ 32 ਸਾਲ ਦੀ ਸਜ਼ਾ ਸੁਣਾਈ ਸੀ। ਇਸ ਤੋਂ ਪਹਿਲਾਂ ਅਜਿਹੇ ਪੰਜ ਕੇਸਾਂਵਿੱਚ ਕੱਟੜਪੰਥੀ ਮੌਲਵੀ ਹਾਫਿਜ਼ ਸਈਦ (71 ਸਾਲ) ਨੂੰ ਅੱਤਵਾਦਦੀ ਫੰਡਿੰਗ ਦੇ ਪੰਜ ਕੇਸਾਂਵਿੱਚ 36 ਸਾਲ ਕੈਦ ਦੀ ਸਜ਼ਾ ਹੋ ਚੁੱਕੀ ਸੀ। ਕੁੱਲ 68 ਸਾਲ ਦੀ ਸਜ਼ਾ ਇੱਕੋ ਸਮੇਂ ਚੱਲੇਗੀ ਅਤੇ ਉਸ ਦੇ ਵਕੀਲ ਮੁਤਾਬਕ ਕੋਟ ਲਖਪਤ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਸਈਦ ਦੀਆਂ ਸਜ਼ਾਵਾਂ ਨਾਲੋ-ਨਾਲ ਚੱਲਣਗੀਆਂ।ਯੂ ਐੱਨ ਵੱਲੋਂਅੱਤਵਾਦੀ ਐਲਾਨੇ ਹੋਏ ਸਈਦ ਉੱਤੇ ਅਮਰੀਕਾ ਨੇ 1 ਕਰੋੜ ਡਾਲਰ ਦਾ ਇਨਾਮ ਰੱਖਿਆ ਹੋਇਆ ਹੈ।ਹਾਫਿਜ਼ ਸਈਦ ਦੀ ਅਗਵਾਈ ਵਾਲੀ ਜਮਾਤ-ਉਦ-ਦਾਅਵਾ ਦੇ ਅੱਤਵਾਦੀਆਂ ਨੇ 2008 ਦੇ ਮੁੰਬਈ ਹਮਲਾ ਕੀਤਾ ਸੀ, ਜਿਸ ਵਿੱਚ 166 ਲੋਕਾਂ ਦੀ ਮੌਤ ਹੋ ਗਈ ਸੀ।

ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਜੇਲ੍ਹ ਵਿਚਲੀ ਉਸ ਬੈਰਕ ਦਾ ਵੀ ਦੌਰਾ ਕੀਤਾ, ਜਿੱਥੇ ਮਨੀ ਲਾਂਡਰਿੰਗ ਤੇ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਉਹ ਖੁਦ ਅੱਠ ਮਹੀਨੇ ਬੰਦ ਰਿਹਾ ਸੀ। ਜੇਲ੍ਹ ਦਾ ਤਜਰਬਾ ਸਾਂਝਾ ਕਰਦਿਆਂ 70 ਸਾਲਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਓਥੇ ਕੈਦੀਆਂ ਲਈ ਪਖਾਨੇ, ਕੱਪੜੇ ਧੋਣ ਤੇ ਸਿਹਤ ਸਹੂਲਤਾਂ ਸਮੇਤ ਬੁਨਿਆਦੀ ਸਹੂਲਤਾਂ ਦੀ ਘਾਟ ਹੈ।ਉਨ੍ਹਾ ਨੇ ਜੇਲ੍ਹਾਂ ਦਾ ਸਿਸਟਮ ਸੁਧਾਰਨ ਦੇ ਨਾਲ ਕੈਦੀਆਂ ਨੂੰ ਬੁਨਿਆਦੀ ਸਹੂਲਤਾਂ ਦੇਣਦੀ ਨੀਤੀਬਣਾਉਣ ਲਈ ਗ੍ਰਹਿ ਮੰਤਰੀ ਰਾਣਾ ਸਨਾਉੱਲਾ ਦੀ ਪ੍ਰਧਾਨਗੀ ਹੇਠ ਕਮੇਟੀ ਬਣਾਉਣ ਦੇ ਆਦੇਸ਼ ਦਿੱਤੇ। ਹਨ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੇ ਵੱਡੇ ਭਰਾ ਅਤੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਵੀ 2019 ਵਿੱਚ ਕੋਟ ਲਖਪਤ ਜੇਲ੍ਹ ਵਿੱਚ ਹੀ ਬੰਦ ਰਹਿ ਚੁੱਕੇ ਹਨ।ਪਿੱਛੋਂ ਉਨ੍ਹਾਂ ਨੂੰ ਉਸੇ ਸਾਲ ਇਲਾਜ ਲਈ ਯੂ ਕੇ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ। ਉਸ ਨੂੰ ਅਲ-ਅਜ਼ੀਜ਼ੀਆ ਮਿਲਜ਼ ਭ੍ਰਿਸ਼ਟਾਚਾਰ ਕੇਸ ਵਿੱਚ ਸੱਤ ਸਾਲ ਦੀ ਸਜ਼ਾ ਹੋਈ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC


Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
2565 Steeles Ave E Unit #20, Brampton, ON L6T 4L6


Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਅੱਜ ਨਾਮਾ

ਫੜਦੀ ਪੁਲਸ ਬਦਮਾਸ਼ਾਂ ਨੂੰ ਰੋਜ਼ ਬੇਸ਼ੱਕ,
ਹੁੰਦੀ ਗਿਣਤੀ ਨਹੀਂ ਉਨ੍ਹਾਂ ਦੀ ਘੱਟ ਬੇਲੀ।
ਚੌਕਸੀ ਵਿੱਚ ਹੈ ਜਿੱਥੇ ਵੀ ਵਿਰਲ ਰਹਿੰਦੀ,
ਤਾੜ ਕੇ ਮੌਕਾ ਹੀ ਮਾਰਨ ਉਹ ਸੱਟ ਬੇਲੀ।
ਕੁਝ ਥਾਂ ਲੋਕ ਵੀ ਏਦਾਂ ਦੇ ਦੋਸ਼ ਲਾਉਂਦੇ,
ਪਾਸਾ ਟੱਕਰ ਤੋਂ ਪੁਲਸ ਰਹੀ ਵੱਟ ਬੇਲੀ।
ਗੱਲ ਇਹ ਠੀਕ ਜਾਂ ਓੜਕ ਦੀ ਹੋਏ ਝੂਠੀ,
ਲਾਉਂਦੇ ਲੋਕ ਇਹ ਰਹਿੰਦੇ ਈ ਰੱਟ ਬੇਲੀ।
ਆਦਮੀ ਆਮ ਬਦਮਾਸ਼ਾਂ ਤੋਂ ਜਿਵੇਂ ਡਰਦਾ,
ਉਸ ਦਾ ਰਹਿੰਦਾ ਈ ਸੁੱਕਿਆ ਸਾਹ ਬੇਲੀ।
ਅਮਨ-ਕਾਨੂੰਨ ਸਰਕਾਰ ਦਾ ਫਰਜ਼ ਹੁੰਦਾ,
ਸੰਭਾਲੇ ਬਾਝ ਨਹੀਂ ਹੋਰ ਕੁਝ ਰਾਹ ਬੇਲੀ।

**ਤੀਸ ਮਾਰ ਖਾਂ**

# ਭਗਵੰਤ ਮਾਨ ਦਾ ਦਿੱਲੀ ਦੇ ਸਕੂਲਾਂ ਦਾ ਦੌਰਾ, ਪੰਜਾਬ ਵਿੱਚ ਅਮਲ ਦਾ ਐਲਾਨ

ਨਵੀਂ ਦਿੱਲੀ, 25 ਅਪਰੈਲ, (ਪੋਸਟ ਬਿਊਰੋ)- ਦੋ ਦਿਨਾਂ ਦੌਰੇ ਲਈ ਦਿੱਲੀ ਪੁੱਜੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਏਥੇ ਸਭ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨਾਲ ਮੁਲਾਕਾਤ ਕੀਤੀ ਅਤੇ ਦਿੱਲੀ ਦੇ ਅਧਿਕਾਰੀਆਂ ਨਾਲ ਸਕੂਲੀ ਸਿੱਖਿਆ ਬਾਰੇ ਚਰਚਾ ਕੀਤੀ। ਮਾਨ ਦੇ ਨਾਲ ਸਿਹਤ ਮੰਤਰੀ ਡਾ. ਵਿਜੇ ਸਿੰਗਲਾ ਅਤੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੀ ਸਨ।

ਇਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਕਾਲਕਾਜੀ ਖੇਤਰ ਦੇ ਸਰਕਾਰੀ ਸਕੂਲ ਦੇਖਣ ਗਏ। ਉੱਥੇ ਉਨ੍ਹਾਂ ਨੇ ਸਕੂਲੀ ਬੱਚਿਆਂ ਨਾਲ ਗੱਲਬਾਤ ਕਰਨ ਪਿੱਛੋਂ ਕਿਹਾ ਕਿ 'ਇਹ ਸਿੱਖਿਆ ਦਾ ਅਗਲਾ ਪੱਧਰ ਹੈ, ਜਿਸ ਬਾਰੇ ਵੱਡੇ ਸਕੂਲ ਸੋਚ ਵੀ ਨਹੀਂ ਸਕੇ, ਪਰ ਇੱਥੇ ਲਾਗੂ ਕੀਤਾ ਹੋਇਆ ਹੈ, ਡਿਜੀਟਲ ਲਰਨਿੰਗ ਹੁੰਦੀ ਹੈ। ਮੈਂ ਅਮਰੀਕਾ-ਕੈਨੇਡਾ ਦੇਏਦਾਂ ਦੇ ਸਕੂਲ ਦੇਖੇ ਹਨ। ਕਈ ਬੱਚੇ ਵੱਡੇ ਪ੍ਰਾਈਵੇਟ ਸਕੂਲ ਛੱਡ ਕੇ ਆਏ ਹਨ। ਵੱਡੇ ਨਿਵੇਸ਼ਕ ਵੀ ਬੱਚਿਆਂ ਨਾਲ ਤਾਲਮੇਲ ਕਰਨ ਏਥੇ ਆ ਰਹੇ ਹਨ। ਪ੍ਰੈਕਟੀਕਲ ਤੇ ਥਿਊਰੀ ਇਕੱਠੇ ਚੱਲਦੇ ਹਨ।' ਮਾਨ ਨੇ ਕਿਹਾ ਕਿ ਅਸੀਂ ਅੱਜ ਜਾਣਕਾਰੀ ਲਈ ਹੈ, ਪੰਜਾਬ ਵਿੱਚ ਤੇਜ਼ੀ ਨਾਲ ਹੋਰ ਡਿਜੀਟਲ ਸਕੂਲਚਲਾਵਾਂਗੇ।ਸਕੂਲ ਨੇੜੇ ਸਾਡੇ ਕੋਲ ਕਾਫੀ ਜ਼ਮੀਨ ਹੈ, ਅਸੀਂ ਉੱਥੇ ਬੁਨਿਆਦੀ ਢਾਂਚਾ ਵਿਕਸਿਤ ਕਰਾਂਗੇ ਅਤੇ ਅਸੀਂ ਨੌਜਵਾਨਾਂ ਨੂੰ ਨੌਕਰੀ ਭਾਲਣ ਵਾਲੇ ਨਹੀਂ, ਸਗੋਂ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਵੰਡਣਵਾਲੇ ਬਣਾਵਾਂਗੇ।' ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਲੋਕਾਂ ਦੇ ਭਲੇ ਲਈ ਦਿੱਲੀ ਅਤੇ ਪੰਜਾਬ ਦੀਆਂ ਦੋਵੇਂ ਰਾਜ ਸਰਕਾਰਾਂ ਇੱਕ-ਦੂਸਰੇ ਦੇ ਚੰਗੇ ਕੰਮਾਂ ਤੋਂ ਸਿੱਖ ਕੇ ਅੱਗੇ ਵਧਣਗੀਆਂ।



ਬਾਅਦ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਦੋਵਾਂ ਮੰਤਰੀਆਂ ਨੇ ਮੁਹੱਲਾ ਕਲਿਨਿਕਾਂ ਵਿੱਚ ਚੱਲਦਾ ਲੋਕਾਂ ਲਈ ਸਿਹਤ ਸੇਵਾ ਦਾ ਕੰਮ ਵੇਖਣ ਲਈ ਓਥੋਂ ਦਾ ਦੌਰਾ ਵੀ ਕੀਤਾ ਅਤੇ ਇਸ ਦੀ ਸ਼ਲਾਘਾ ਕੀਤੀ।

ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਦਾ ਦਾਅਵਾ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਦਿੱਲੀ ਮਾਡਲ ਉੱਤੇ ਸੁਧਾਰਿਆ ਜਾਵੇਗਾ। ਇਸ ਦੇ ਨਾਲ ਪਿੰਡਾਂ ਤੇ ਵਾਰਡਾਂ ਵਿੱਚ 16 ਹਜ਼ਾਰ ਪਿੰਡ ਕਲੀਨਿਕ ਬਣਾਏ ਜਾਣਗੇ।ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਮੌਕੇਇਹ ਵਾਅਦਾ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਕੀਤਾ ਸੀ।ਦਿੱਲੀ ਸਰਕਾਰ ਦਾ ਦਾਅਵਾ ਹੈ ਕਿ ਉਸ ਵੱਲੋਂਸਿੱਖਿਆ ਤੇ ਸਿਹਤ ਖੇਤਰ ਵਿੱਚ ਕੀਤੇ ਇਤਿਹਾਸਕ ਕੰਮਾਂ ਦੀ ਅੱਜ ਦੇਸ਼ ਅਤੇ ਦੁਨੀਆ ਵਿੱਚ ਚਰਚਾਹੈ ਅਤੇ ਦੇਸ਼-ਵਿਦੇਸ਼ ਦੀਆਂ ਵੱਡੀਆਂ ਹਸਤੀਆਂ ਕੇਜਰੀਵਾਲ ਸਰਕਾਰ ਦੇ ਸਕੂਲ ਦੇਖਣ ਆਈਆਂ ਹਨ।ਪਿੱਛੇ ਜਿਹੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮਕੇ ਸਟਾਲਿਨ ਸਰਕਾਰੀ ਸਕੂਲਾਂ ਅਤੇ ਮੁਹ-ੱਲਾ ਕਲੀਨਿਕਾਂ ਨੂੰ ਦੇਖਣ ਲਈ ਦਿੱਲੀ ਆਏ ਤੇ ਉਨ੍ਹਾਂ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦਿੱਲੀ ਦੇ ਸਰਕਾਰੀ ਸਕੂਲਾਂ ਤੇ ਮੁਹੱਲਾ ਕਲੀਨਿਕਾਂ ਦਾ ਦੌਰਾ ਕਰਵਾਇਆ ਸੀ।ਮੁੱਖ ਮੰਤਰੀ ਐਮਕੇ ਸਟਾਲਿਨ ਨੇ ਚੇਨਈ ਵਿੱਚ ਵਿਸ਼ਵ ਪੱਧਰੀ ਸਰਕਾਰੀ ਮਾਡਲ ਸਕੂਲਬਣਾਉਣ ਕਰਨ ਦੀ ਗੱਲ ਕਹੀ ਅਤੇ ਕੇਜਰੀਵਾਲ ਨੂੰ ਤਾਮਿਲਨਾਡੂ ਆਉਣ ਦਾ ਸੱਦਾ ਵੀ ਦਿੱਤਾ ਸੀ, ਜਿਸ ਨੂੰ ਕੇਜਰੀਵਾਲ ਨੇ ਸਵੀਕਾਰ ਕਰ ਲਿਆ ਹੈ।

# ਨਵਜੋਤ ਸਿੰਘ ਸਿੱਧੂ ਦਾ ਬਿਜਲੀ ਦੇ ਮੁੱਦੇ ਉੱਤੇ ਧਰਨਾ

*** ਮੰਤਰੀ ਨੇ ਕਿਹਾ: ਸਿੱਧੂ ਨੇ ਬਿਜਲੀ ਮੰਤਰਾਲਾ ਕਿਉਂ ਨਹੀਂ ਸੀ ਲਿਆ**



ਅੰਮ੍ਰਿਤਸਰ, 25 ਅਪਰੈਲ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਰਾਜਪੁਰਾ ਵਿਖੇ ਬਿਜਲੀ ਦੇ ਮੁੱਦੇ ਉੱਤੇ ਲੋਕਾਂ ਵੱਲੋਂ ਲਾਏ ਧਰਨੇ ਦੀ ਅਗਵਾਈ ਕੀਤੀ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਹਮਲਾ ਕਰਦਿਆਂ ਕਿਹਾ ਕਿ ਇਹ ਲੋਕ ਪੰਜਾਬ ਦੇ ਆਮ ਲੋਕਾਂ ਨੂੰ ਬਿਜਲੀ ਮਾਮਲੇ ਵਿੱਚ ਕੋਈ ਰਾਹਤ ਦੇਣ ਯੋਗ ਸਾਬਤ ਨਹੀਂ ਹੋਏ। ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਖਿਲਾਫ ਅੱਜ ਏਥੇ ਉਨ੍ਹਾਂ ਨੇ ਤਿੱਖੇ ਸਿਆਸੀ ਹਮਲੇ ਵੀ ਕੀਤੇ ਅਤੇ ਉਨ੍ਹਾਂ ਨੂੰ ਨਿਕੰਮੇ ਆਗੂ ਕਿਹਾ।

ਦੂਸਰੇ ਪਾਸੇ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਕੋਲ ਜਦੋਂ ਮੌਕਾ ਸੀ ਕਿ ਪੰਜਾਬ ਲਈ ਕੁਝ ਕਰ ਸਕਦੇ ਸਨ, ਓਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਧੂ ਨੂੰ ਬਿਜਲੀ ਵਿਭਾਗ ਦਾ ਮੰਤਰੀ ਬਣਾਉਣ ਦੀ ਪੇਸ਼ਕਸ਼ ਕੀਤੀ ਸੀ, ਪਰ ਸਿੱਧੂ ਨੇ ਇਹ ਜ਼ਿੰਮਾ ਨਹੀਂ ਸੀ ਲਿਆ ਤਾਂ ਅੱਜ ਉਨ੍ਹਾਂ ਦੇ ਧਰਨੇ ਦਾ ਕੋਈ ਲਾਭ ਨਹੀਂ। ਬਿਜਲੀ ਮੰਤਰੀ ਨੇ ਅੱਜ ਏਥੇ ਕਿਹਾ ਕਿ ਪੰਜਾਬ ਵਿੱਚ ਗਰਮੀਆਂ ਸ਼ੁਰੂ ਹੋਣ ਉੱਤੇ ਮੁੱਢ ਵਿੱਚ ਹਮੇਸ਼ਾ ਕੁਝ ਸਮੱਸਿਆਵਾਂ ਆਉਂਦੀਆਂ ਹਨ, ਪਰ ਸਰਕਾਰ ਮੁਕੰਮਲ ਪ੍ਰਬੰਧ ਕਰ ਰਹੀ ਹੈ ਤੇ ਝੋਨੇ ਦੇ ਸੀਜਨ ਵਿੱਚ ਕਿਸੇ ਕਿਸਮ ਦੀ ਸਮੱਸਿਆ ਨਹੀਂ ਆਵੇਗੀ ਤੇ ਨਾ ਬਿਜਲੀ ਦੀ ਘਾਟ ਆਉਣ ਦਿੱਤੀ ਜਾਵੇਗੀ।

ਅੱਜ ਵਿਸ਼ਵ ਮਲੇਰੀਆ ਦਿਵਸ ਮੌਕੇ ਮਾਨਾਵਾਲਾ ਸਿਵਲ ਹਸਪਤਾਲ ਵਿੱਚਹੋਏ ਸਮਾਗਮ ਵਿੱਚਆਏ ਬਿਜਲੀ ਮੰਤਰੀ ਨੇ ਦਾਅਵਾ ਕੀਤਾ ਕਿ 2024 ਤਕ ਪੰਜਾਬ ਮਲੇਰੀਆ ਮੁਕਤ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਜ਼ਿਲੇ ਵਿੱਚ ਪਿਛਲੇ ਸਾਲਇੱਕ ਵੀ ਮਲੇਰੀਏ ਦਾ ਕੇਸ ਨਹੀਂ ਮਿਲਿਆ ਤੇ ਸਰਕਾਰ ਇਸ ਬਾਰੇ ਜ਼ਿਲੇ ਦੀ ਸਿਹਤ ਵਿਭਾਗ ਦੀ ਟੀਮ ਨੂੰ ਸਨਮਾਨਤ ਕਰੇਗੀ ਤਾਂ ਕਿ ਹੋਰਨਾਂ ਨੂੰ ਪ੍ਰੇਰਨਾ ਮਿਲ ਸਕੇ।

ਇਸ ਮੌਕੇ ਬਿਜਲੀ ਮੰਤਰੀ ਹਰਭਜਨ ਸਿੰਘਨੇ 600 ਯੂਨਿਟ ਬਿਜਲੀ ਮਾਫੀ ਦੇ ਮੁੱਦੇ ਬਾਰੇ ਕਿਹਾ ਕਿ ਇਸ ਨਾਲ 69 ਲੱਖ ਪਰਿਵਾਰਾਂ ਨੂੰ ਲਾਭ ਮਿਲੇਗਾ। ਉਨ੍ਹਾ ਕਿਹਾ ਕਿ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਪੜ੍ਹਾਈ ਲਈ ਦਿੱਲੀ ਦੇ ਤਜਰਬੇ ਨਾਲ ਵੀ ਪੰਜਾਬ ਮਾਡਲ ਹੀ ਦਿੱਤਾ ਜਾਵੇਗਾ, ਜਿਸ ਦਾ ਪੰਜਾਬੀਆਂ ਦਾ ਫਾਇਦਾ ਹੋਵੇਗਾ ਤੇ ਦਿੱਲੀ ਦੇ ਮੁਹੱਲਾ ਕਲਿਨਿਾਂ ਦੇ ਤਜਰਬੇ ਮੁਤਾਬਕ ਪੰਜਾਬ ਵਿੱਚ ਪਿੰਡ ਕਲਿਨਿਕ ਵੀ ਬਣਾ ਕੇ ਚਲਾਏ ਜਾਣਗੇ। ਉਨ੍ਹਾ ਕਿਹਾ ਕਿ ਮੰਡੀਆਂ ਵਿੱਚ ਕਣਕ ਦੀ ਲਿਫਟਿੰਗ ਸਬੰਧੀ ਕੋਈ ਮੁਸ਼ਕਲ ਨਹੀਂ ਤੇ ਖਰੀਦ ਠੀਕ ਚੱਲ ਰਹੀ ਹੈ।

# ਹਾਈ ਕੋਰਟ ਨੇ ਪੁਲਸ ਵਿੱਚ ਅਫਸਰਾਂ ਤੇ ਕਰਮਚਾਰੀਆਂ ਦੀਆਂ ਖਾਲੀ ਪੋਸਟਾਂ ਬਾਰੇ ਪੁੱਛਿਆ

ਚੰਡੀਗੜ੍ਹ, 25 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਹਰਿਆਣਾਹਾਈ ਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹਰਾਜ ਦੀਆਂ ਪੁਲਸ ਫੋਰਸਾਂ ਵਿੱਚ ਅਫਸਰਾਂ ਅਤੇ ਕਰਮਚਾਰੀਆਂ ਦੀਆਂ ਕਿੰਨੀਆਂ ਪੋਸਟਾਂ ਖਾਲੀ ਹਨ ਅਤੇ ਇਨ੍ਹਾਂ ਨੂੰ ਭਰਨ ਲਈ ਸਰਕਾਰਾਂ ਕੀ ਕਰ ਰਹੀਆਂ ਹਨ, ਇਸ ਬਾਰੇ ਅੱਠ ਸਤੰਬਰ ਤੱਕ ਜਾਣਕਾਰੀ ਤੋਂ ਮੰਗੀ ਹੈ।
ਚੀਫ ਜਸਟਿਸ ਰਵੀ ਸ਼ੰਕਰ ਤੇ ਜਸਟਿਸ ਅਰੁਣ ਪੱਲੀ ਦੇ ਬੈਂਚ ਨੇ ਸੁਪਰੀਮ ਕੋਰਟ ਨੇ ਹੁਕਮ ਵੱਲੋਂ ਲਏ ਨੋਟਿਸ ਉੱਤੇ ਸੁਣਵਾਈ ਕਰਦੇ ਹੋਏ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਨੂੰ ਨੋਟਿਸ ਜਾਰੀ ਕੀਤਾ ਹੈ। ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਮਾਰਚ 2019 ਦੇ ਅੰਤਿਮ ਹਫ਼ਤੇ ਇੱਕ ਜਨਹਿਤ ਅਰਜ਼ੀ ਦੀ ਸੁਣਵਾਈ ਮੌਕੇ ਸਾਰੇ ਦੇਸ਼ ਦੀਆਂ ਹਾਈ ਕੋਰਟਾਂ ਨੂੰ ਇਸ ਮੁੱਦੇ ਦਾ ਨੋਟਿਸ ਲੈ ਕੇ ਸੰਬੰਧਿਤ ਸਰਕਾਰਾਂ ਤੋਂ ਇਹ ਜਾਣਕਾਰੀ ਮੰਗਣ ਦੇ ਆਦੇਸ਼ ਦਿੱਤੇ ਸਨ।ਸੁਪਰੀਮ ਕੋਰਟ ਨੇ ਸਾਰੀਆਂ ਹਾਈ ਕੋਰਟਾਂ ਕਿਹਾ ਸੀ ਕਿ ਉਹ ਇਸ ਮਾਮਲੇ ਦਾ ਖੁਦ ਨੋਟਿਸ ਲੈ ਕੇ ਇਸ ਜਨਹਿਤ ਅਰਜ਼ੀ ਵਾਂਗ ਸੁਣਨ ਅਤੇ ਰਾਜ ਸਰਕਾਰਾਂ ਤੋਂ ਉਨ੍ਹਾਂ ਦੇ ਰਾਜ ਦੀ ਪੁਲਸ ਵਿੱਚ ਅਫਸਰਾਂ ਤੇ ਕਰਮਚਾਰੀਆਂ ਦੀਆਂ ਖਾਲੀ ਪੋਸਟਾਂ ਦੀ ਜਾਣਕਾਰੀ ਮੰਗਣ ਅਤੇ ਇਹ ਪੁੱਛਣ ਕਿ ਖਾਲੀ ਪੋਸਟਾਂ ਉੱਤੇ ਭਰਤੀ ਲਈ ਸਰਕਾਰਾਂ ਕੀਕਰ ਰਹੀਆਂ ਹਨ। ਸੁਪਰੀਮ ਕੋਰਟ ਵਿੱਚ ਉੱਤਰ ਪ੍ਰਦੇਸ਼ ਦੀ ਕਾਨੂੰਨ-ਵਿਵਸਥਾ ਬਾਰੇ ਸਾਲ 2013 ਵਿੱਚ ਇਹ ਅਰਜ਼ੀ ਦਾਇਰ ਹੋਈ ਸੀ। ਇਸਦਾ ਸੁਪਰੀਮ ਕੋਰਟ ਨੇ ਮਾਰਚ 2019 ਵਿੱਚ ਨਿਪਟਾਰਾ ਕਰ ਦਿੱਤਾ, ਪਰ ਹੋਰ ਰਾਜਾਂ ਦੀ ਪੁਲਸ ਬਾਰੇ ਹਾਈ ਕੋਰਟਾਂ ਨੂੰ ਖੁਦ ਹੀ ਨੋਟਿਸ ਲੈ ਕੇ ਜਨਹਿਤ ਅਰਜ਼ੀ ਵਾਂਗ ਸੁਣਵਾਈ ਲਈ ਕਿਹਾ ਸੀ। ਸੁਪਰੀਮ ਕੋਰਟ ਦੇ ਇਨ੍ਹਾਂ ਆਦੇਸ਼ਾਂ ਉੱਤੇ ਹਾਈ ਕੋਰਟ ਨੇ ਅਪ੍ਰੈਲ 2019 ਵਿੱਚ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਨੂੰ ਨੋਟਿਸ ਜਾਰੀ ਕਰ ਕੇ ਜਾਣਕਾਰੀ ਮੰਗੀ ਸੀ, ਪਰ ਕੋਰੋਨਾ ਦੇ ਕਾਰਨ ਇਸ ਅਰਜ਼ੀ ਉੱਤੇ ਸੁਣਵਾਈ ਨਹੀਂ ਹੋ ਸਕੀ ਸੀ। ਹਾਈ ਕੋਰਟ ਨੇ ਫਿਰ ਸੁਣਵਾਈ ਕਰਦੇ ਹੋਏ ਇਸ ਮਾਮਲੇ ਵਿੱਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਜਵਾਬ ਮੰਗਿਆ ਹੈ।

# ਗੁਜਰਾਤ ਦੀ ਬੰਦਰਗਾਹ ਤੋਂ 1439 ਕਰੋੜ ਦੀ ਹੈਰੋਇਨ ਬਰਾਮਦ

*** ਇੱਕ ਦੋਸ਼ੀ ਪੰਜਾਬ ਤੋਂ ਗ੍ਰਿਫ਼ਤਾਰ ਦੱਸਿਆ ਗਿਆ**

ਅਹਿਮਦਾਬਾਦ, 25 ਅਪਰੈਲ, (ਪੋਸਟ ਬਿਊਰੋ)- ਗੁਜਰਾਤ ਦੇ ਕਾਂਡਲਾ ਬੰਦਰਗਾਹ ਨੇੜੇ ਭਾਰਤ ਸਰਕਾਰ ਦੇ ਰੈਵੇਨਿਊਇੰਟੈਲੀਜੈਂਸ ਡਾਇਰੈਕਟੋਰੇਟ ਨੇ ਕੰਟੇਨਰ ਵਿੱਚ ਲੁਕਾ ਕੇ ਰੱਖੀ ਗਈ 205.6 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ, ਜਿਸ ਦਾ ਮੁੱਲ ਸੰਸਾਰ ਬਾਜ਼ਾਰ ਵਿੱਚ 1439 ਕਰੋੜ ਰੁਪਏ ਦੱਸਿਆ ਜਾ ਰਿਹਾ ਹੈ।

ਰੈਵੇਨਿਊਡਾਇਰੈਕਟੋਰੇਟ ਨੇ ਅੱਜ ਸੋਮਵਾਰ ਨੂੰ ਦੱਸਿਆ ਕਿ ਵੱਡੀ ਮੁਹਿੰਮ ਪਿੱਛੋਂ ਇਸ ਸਿਲਸਿਲੇ ਵਿੱਚ ਪੰਜਾਬ ਤੋਂ ਇਕ ਇੰਪੋਰਟ ਕਰਨ ਵਾਲੇ ਵਪਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਕ ਸੀਨੀਅਰ ਪੁਲਸ ਅਫਸਰ ਅਨੁਸਾਰ ਬੀਤੇ ਸਾਲ ਸਤੰਬਰ ਤੇ ਅਕਤੂਬਰ ਵਿਚਾਲੇ ਈਰਾਨ ਤੋਂ ਆਏ 17 ਕੰਨਟੇਨਰਾਂ ਵਿੱਚੋਂ ਇਕ ਵਿੱਚ ਹੈਰੋਇਨ ਦੀ ਖੇਪ ਮਿਲੀ ਸੀ। ਇਸ ਤੋਂ ਪਹਿਲਾਂ 21 ਅਪਰੈਲ ਨੂੰ ਗੁਜਰਾਤ ਦੇ ਅੱਤਵਾਦ ਵਿਰੋਧੀ ਸਕੁਆਡ (ਏਟੀਐੱਸ) ਨੇ ਇਹ ਕਿਹਾ ਸੀ ਕਿ ਉਸ ਨੇ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀਆਰਆਈ) ਦੇ ਨਾਲ ਸਾਂਝੀ ਮੁਹਿੰਮ ਵਿੱਚ ਕੱਛ ਜ਼ਿਲੇ ਦੇ ਕਾਂਡਲਾ ਬੰਦਰਗਾਹ ਉੱਤੇ ਇਕ ਕੰਟੇਨਰਵਿੱਚੋਂ 200 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ, ਜਿਸ ਦੀ ਕੀਮਤ 1300 ਕਰੋੜ ਰੁਪਏ ਦੱਸੀ ਗਈ ਸੀ। ਡੀਆਰਆਈ ਨੇ ਅੱਜ ਜਾਰੀ ਕੀਤੇ ਬਿਆਨ ਵਿਚ ਕਿਹਾ ਕਿ ਉਸ ਨੇ ਗੁਜਰਾਤ ਏਟੀਐੱਸ ਦੇ ਸਹਿਯੋਗ ਨਾਲ ਕਾਂਡਲਾ ਬੰਦਰਗਾਹ ਉੱਤੇ ਉੱਤਰਾਖੰਡ ਦੀ ਇੱਕ ਕੰਪਨੀ ਵੱਲੋਂ ਵਿਦੇਸ਼ ਤੋਂ ਮੰਗਾਈ ਖੇਪ ਦੀ ਜਾਂਚ ਕੀਤੀ, ਜਿਹੜੀ ਈਰਾਨ ਦੇ ਬੰਦਰ ਅੱਬਾਸ ਬੰਦਰਗਾਹ ਤੋਂ ਆਈ ਸੀ। ਇਸ ਦੇ 17 ਕੰਟੇਨਰਾਂ ਵਿਚਲੇ 10,318 ਬੈਗਾਂ ਦਾ ਭਾਰ 394 ਮੀਟ੍ਰਿਕ ਟਨ ਸੀ ਤੇ ਕਿਹਾ ਗਿਆ ਸੀ ਇਸ ਵਿੱਚ ਜਿਪਸਮ ਪਾਊਡਰ ਹੈ। ਡੀਆਰਆਈ ਨੇ ਦੱਸਿਆ, 'ਅੱਜ



ਤੱਕ 205.6 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਗੈਰ ਕਾਨੂੰਨੀ ਬਜ਼ਾਰ ਵਿੱਚ ਇਸ ਦੀ ਕੀਮਤ 1,439 ਕਰੋੜ ਰੁਪਏ ਦੱਸੀ ਗਈ ਹੈ। ਇਸ ਖੇਪ ਦੇ ਆਉਣ ਦੀ ਸਾਰੀ ਸਾਜ਼ਿਸ਼ ਦੀ ਬਾਰੀਕੀ ਨਾਲ ਜਾਂਚ ਚੱਲ ਰਹੀ ਹੈ।'

ਇਸ ਜਾਂਚ ਮਗਰੋਂਡੀਆਰਆਈ ਨੇ ਸੰਬੰਧਤ ਵਪਾਰੀਦੀ ਪਛਾਣ ਦੱਸੇਬਿਨਾਂ ਕਿਹਾ ਕਿ ਇੰਪੋਰਟ ਕਰਨ ਵਾਲਾ ਵਪਾਰੀ ਉੱਤਰਾਖੰਡ ਵਿੱਚ ਆਪਣੇ ਪਤੇ ਉੱਤੇ ਨਾ ਮਿਲਿਆ ਤਾਂ ਸਾਰੇ ਦੇਸ਼ ਵਿਚ ਤਲਾਸ਼ ਸ਼ੁਰੂ ਕੀਤੀ ਗਈ ਤਾਂ ਜੋ ਉਸਨੂੰ ਫੜਿਆ ਜਾ ਸਕੇ।ਡੀਆਰਆਈ ਨੇ ਦੱਸਿਆ ਕਿ ਦੋਸ਼ੀ ਆਪਣਾ ਟਿਕਾਣਾ ਲਗਾਤਾਰ ਬਦਲ ਰਿਹਾ ਸੀ।ਇਸ ਪਿੱਛੋਂ ਉਸ ਨੂੰ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਨਸ਼ੀਲੇ ਪਦਾਰਥ ਰੋਕੂ ਕਾਨੂੰਨ ਹੇਠ ਫੜਿਆ ਹੈ। ਬਿਆਨਦੇ ਮੁਤਾਬਕ ਇੰਪੋਰਟ ਕਰਨ ਵਾਲੇ ਨੇ ਵਿਰੋਧ ਕੀਤਾ ਅਤੇ ਦੌੜਨ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਫੜ ਲਿਆ ਹੈ।ਡੀ ਆਰ ਆਈਨੇ ਐਤਵਾਰ ਨੂੰ ਅੰਮ੍ਰਿਤਸਰ ਦੀ ਇੱਕ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕਰ ਕੇ ਉਸ ਦਾ ਟਰਾਂਜਿਟ ਰਿਮਾਂਡ ਲਿਆ ਅਤੇ ਉਸ ਨੂੰ ਇਸ ਦੇ ਬਾਅਦ ਗੁਜਰਾਤ ਵਿੱਚ ਕੱਛ ਦੇ ਭੁੱਜ ਸ਼ਹਿਰਦੀਜੁਡੀਸ਼ਲ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਸਾਰੇ ਕੇਸ ਬਾਰੇ ਗੁਜਰਾਤ ਦੇ ਪੁਲਸ ਮੁਖੀ (ਡੀ ਜੀ ਪੀ) ਆਸ਼ੀਸ਼ ਭਾਟੀਆ ਨੇ ਦੱਸਿਆ ਕਿ 17 ਕੰਟੇਨਰ ਪਿਛਲੇ ਸਾਲ ਸਤੰਬਰ ਤੋਂ ਅਕਤੂਬਰ ਵਿਚਾਲੇ ਈਰਾਨ ਤੋਂ ਕਾਂਡਲਾ ਬੰਦਰਗਾਹ ਉੱਤੇ ਪਹੁੰਚੇ ਸਨ ਤੇ ਉਦੋਂ ਤੋਂ ਜਾਂਚ ਹੋ ਰਹੀ ਸੀ। ਭਾਟੀਆ ਨੇ ਕਿਹਾ, 'ਇਨ੍ਹਾਂ ਕੰਟੇਨਰਾਂ ਦੀ ਤਲਾਸ਼ੀ ਵਿੱਚ ਕੁਝ ਸ਼ੱਕੀ ਨਹੀਂ ਸੀ ਮਿਲਿਆ, ਪਰ ਬਾਅਦ ਵਿਚ ਏਟੀਐੱਸ ਨੂੰ ਸੂਹ ਮਿਲੀ ਕਿ ਕੰਟੇਨਰਾਂ ਵਿਚ ਪਾਬੰਦੀਸ਼ੁਦਾ ਮਾਲ ਸੀ। ਇਸ ਪਿੱਛੋਂ ਡੀ ਆਰ ਆਈ ਨੇ ਫੋਰੈਂਸਿਕ ਮਾਹਿਰਾਂ ਦੀ ਜਾਂਚ ਕੀਤੀ ਤਾਂ 205.6 ਕਿਲੋਗ੍ਰਾਮ ਹੈਰੋਇਨ ਮਿਲ ਗਈ। ਇਹ ਗੱਲ ਗੁਜਰਾਤ ਦੇ ਮੁੰਦਰਾ ਬੰਦਰਗਾਹ ਉੱਤੇਪਿਛਲੇ ਸਤੰਬਰ ਵਿੱਚਦੋ ਕੰਟੇਨਰਾਂ ਤੋਂ 21,000 ਕਰੋੜ ਰੁਪਏ ਦੀ 2,988 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੇ ਜਾਣ ਤੋਂ ਕੁਝ ਮਹੀਨਿਆਂ ਬਾਅਦ ਦੀ ਹੈ, ਜਿਸ ਦੇ ਬਾਅਦ ਪੁਲਸ ਅਤੇ ਹੋਰ ਏਜੰਸੀਆਂ ਪੂਰੀ ਤਰ੍ਹਾਂ ਚੌਕਸ ਹੋ ਗਈਆਂ ਹਨ।

# ਮੁੱਖ ਮੰਤਰੀ ਵੱਲੋਂ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਲਈ ਬਿਜਲੀ ਦੀ ਨਿਰਵਿਘਨ ਅਤੇ ਨਿਯਮਤ ਸਪਲਾਈ ਦੀ ਮੰਗ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਉਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕੇਂਦਰੀ ਬਿਜਲੀ ਮੰਤਰੀ ਆਰ.ਕੇ. ਸਿੰਘ ਤੋਂ ਝੋਨੇ ਦੇ ਅਗਾਮੀ ਸੀਜ਼ਨ ਦੇ ਮੱਦੇਨਜ਼ਰ ਪੰਜਾਬ ਲਈ ਬਿਜਲੀ ਦੀ ਨਿਰਵਿਘਨ ਅਤੇ ਨਿਯਮਤ ਸਪਲਾਈ ਯਕੀਨੀ ਬਣਾਉਣ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਅੱਜ ਇੱਥੇ ਕੇਂਦਰੀ ਮੰਤਰੀ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕਰਦਿਆਂ ਉਹਨਾਂ ਨੂੰ ਝੋਨੇ ਦੇ ਅਗਾਮੀ ਸੀਜ਼ਨ ਦੇ ਮੱਦੇਨਜ਼ਰ ਸੂਬੇ ਲਈ ਬਿਜਲੀ ਦੀ ਲੋੜ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਪੰਜਾਬ ਲੰਬੇ ਸਮੇਂ ਤੋਂ ਦੇਸ਼ ਦਾ ਅੰਨਦਾਤਾ ਰਿਹਾ ਹੈ ਕਿਉਂਕਿ ਸੂਬੇ ਦੇ ਮਿਹਨਤੀ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਇਆ ਹੈ। ਮਾਨ ਨੇ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਕਿ ਸੂਬੇ ਦੇ ਕਿਸਾਨਾਂ ਨੂੰ ਝੋਨਾ ਪੈਦਾ ਕਰਕੇ ਦੇਸ਼ ਦੇ ਖੁਰਾਕ ਉਤਪਾਦਨ ਵਿੱਚ ਯੋਗਦਾਨ ਪਾਉਣ ਲਈ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਦੀ ਲੋੜ ਹੈ।

ਮੁੱਖ ਮੰਤਰੀ ਨੇ ਆਰ.ਕੇ. ਸਿੰਘ ਨੂੰ ਦੱਸਿਆ ਕਿ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਕਿਸਾਨਾਂ ਲਈ ਬਿਜਲੀ ਦੀ ਨਿਰੰਤਰ ਅਤੇ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ।



ਉਨ੍ਹਾਂ ਇਹ ਵੀ ਕਿਹਾ ਕਿ ਇਹ ਪੰਜਾਬ ਦਾ ਜਾਇਜ਼ ਹੱਕ ਹੈ ਜਿਸ ਨੇ ਦੇਸ਼ ਦੀਆਂ ਅਨਾਜ ਲੋੜਾਂ ਦੀ ਪੂਰਤੀ ਕੀਤੀ ਹੈ। ਭਗਵੰਤ ਮਾਨ ਨੇ ਕੇਂਦਰੀ ਮੰਤਰੀ ਨੂੰ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਕਣਕ-ਝੋਨੇ ਦੇ ਚੱਕਰ ਵਿੱਚੋਂ ਕੱਢਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮੁੱਦੇ 'ਤੇ ਸਹਿਮਤੀ ਬਣਾਉਣ ਲਈ ਕਿਸਾਨਾਂ ਸਮੇਤ ਸਾਰੇ ਭਾਈਵਾਲਾਂ ਨਾਲ ਪਹਿਲਾਂ ਹੀ ਵਿਸਥਾਰਪੂਰਵਕ ਗੱਲਬਾਤ ਕਰ ਰਹੀ ਹੈ। ਮਾਨ ਨੇ ਆਸ ਪ੍ਰਗਟਾਈ ਕਿ ਸੂਬਾ ਸਰਕਾਰ ਦੇ ਠੋਸ ਯਤਨਾਂ ਨੂੰ ਜਲਦ ਹੀ ਬੂਰ ਪਵੇਗਾ। ਇਸ ਦੌਰਾਨ ਕੇਂਦਰੀ ਮੰਤਰੀ ਨੇ ਭਗਵੰਤ ਮਾਨ ਨੂੰ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਸੂਬਾ ਸਰਕਾਰ ਦੀਆਂ ਜਾਇਜ਼ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕਰੇਗੀ। ਇਸ ਮੌਕੇ ਮੁੱਖ ਮੰਤਰੀ ਦੇ ਨਾਲ ਪੰਜਾਬ ਦੇ ਮੁੱਖ ਸਕੱਤਰ ਅਨਿਰੁਧ ਤਿਵਾੜੀ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ. ਵੇਣੂ ਪ੍ਰਸਾਦ, ਪੰਜਾਬ ਭਵਨ ਦੀ ਪ੍ਰਮੁੱਖ ਰੈਜ਼ੀਡੈਂਟ ਕਮਿਸ਼ਨਰ ਰਾਖੀ ਗੁਪਤਾ ਭੰਡਾਰੀ ਅਤੇ ਹੋਰ ਹਾਜ਼ਰ ਸਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK) Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਕਿਸਾਨ ਡੁੱਬ ਰਿਹਾ ਹੈ, ਪੰਜਾਬ ਅਤੇ ਕੇਂਦਰ ਸਰਕਾਰ ਚੁੱਪ ਹੈ : ਰਾਜੇਵਾਲ

ਚੰਡੀਗੜ੍ਹ 25 ਅਪ੍ਰੈਲ (ਪੋਸਟ ਬਿਊਰੋ): ਇਸ ਸਾਲ ਪੰਜਾਬ ਵਿੱਚ ਸਰਕਾਰ ਦਾ 135 ਲੱਖ ਟਨ ਕਣਕ ਕੇਂਦਰੀ ਅੰਨ ਭੰਡਾਰ ਲਈ ਖਰੀਦਣ ਦਾ ਟੀਚਾ ਹੈ। ਹੁਣ ਤੱਕ ਪੰਜਾਬ ਦੀਆਂ ਮੰਡੀਆਂ ਵਿੱਚ ਸਰਕਾਰ ਨੇ 83 ਲੱਖ 48 ਹਜਾਰ 654 ਟਨ ਕਣਕ ਖਰੀਦੀ ਹੈ। ਖੇਤਾਂ ਵਿੱਚ ਕਣਕ ਦਿਖਾਈ ਨਹੀਂ ਦਿੰਦੀ। ਸਥਿਤੀ ਅਜਿਹੀ ਹੈ ਕਿ ਸਰਕਾਰ 90 ਲੱਖ ਟਨ ਕਣਕ ਵੀ ਨਹੀਂ ਖਰੀਦ ਸਕੇਗੀ। ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ ਪਰ ਕੇਂਦਰ ਅਤੇ ਪੰਜਾਬ ਸਰਕਾਰ ਚੁੱਪ ਹਨ, ਜਿਵੇਂ ਕੁਝ ਹੋਇਆ ਹੀ ਨਹੀਂ। ਇਹ ਗੱਲ ਅੱਜ ਇੱਥੋਂ ਜਾਰੀ ਕੀਤੇ ਇੱਕ ਪ੍ਰੈਸ ਬਿਆਨ ਵਿੱਚ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਹੀ। ਉਨ੍ਹਾਂ ਕਿਹਾ ਕਿ ਸਰਕਾਰੀ ਟੀਚੇ ਅਨੁਸਾਰ ਪੰਜਾਬ ਵਿੱਚ ਘੱਟ ਤੋਂ ਘੱਟ 45 ਲੱਖ ਟਨ ਕਣਕ ਦਾ ਕੁਦਰਤੀ ਆਫਤ ਕਾਰਨ ਨੁਕਸਾਨ ਹੋ ਗਿਆ। ਇੰਜ ਕੁਦਰਤ ਨੇ ਕਿਸਾਨਾਂ ਦੀ ਜੇਬ ਵਿੱਚੋਂ 9067.5 ਕਰੋੜ ਖੋਹ ਲਏ। ਪੰਜਾਬ ਦੇ ਖਜਾਨੇ ਵਿੱਚ ਮਾਰਕੀਟ ਫੀਸ ਅਤੇ ਪੇਂਡੂ ਵਿਕਾਸ ਫੰਡ ਦਾ ਵੀ 54.3 ਕਰੋੜ ਦਾ ਨੁਕਸਾਨ ਹੋ ਗਿਆ। 22.5



ਕਰੋੜ ਆੜ੍ਹਤੀਆਂ ਦੇ ਵੀ ਗਏ। ਇੰਜ ਪੰਜਾਬ ਦੇ ਬਜਾਰ ਵਿੱਚੋਂ 9144.3 ਕਰੋੜ ਗਾਇਬ ਹੋ ਗਏ। ਸਪੱਸ਼ਟ ਹੈ ਕਿ ਬਜਾਰ ਵੀ ਡੁੱਬੇਗਾ। ਰਾਜੇਵਾਲ ਨੇ ਕਿਹਾ ਕਿ ਸਰਕਾਰ ਜੋ ਕਿਸਾਨ ਨੂੰ ਅੰਨਦਾਤਾ ਕਹਿੰਦੀ ਹੈ, ਜੇਕਰ ਇੱਕ ਵੀ ਕਿਸਾਨ ਖੁਦਕੁਸ਼ੀ ਕਰੇ ਤਾਂ ਪ੍ਰਸਾਸ਼ਨ ਅਤੇ ਸਰਕਾਰਾਂ ਨੂੰ ਹਿੱਲ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਤੱਕ 18 ਕਿਸਾਨ ਕਣਕ ਦਾ ਝਾੜ ਘਟਣ ਕਾਰਨ ਆਪਣੀ ਜਾਨ ਦੇ ਚੁੱਕੇ ਹਨ। ਪਰ ਨਾ ਕੇਂਦਰ ਸਰਕਾਰ ਅਤੇ ਨਾ ਹੀ ਪੰਜਾਬ ਦੀ ਸਰਕਾਰ ਨੂੰ ਇਸ ਅਤਿਅੰਤ ਦੁੱਖਦਾਈ ਘਟਨਾ ਨਾਲ ਕੋਈ ਫਰਕ ਪਿਆ ਲੱਗਦਾ ਹੈ। ਉਲਟਾ ਪੁੱਛਣ ਉੱਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੰਵੇਦਨਹੀਣ ਹੀ ਨਹੀਂ ਸਗੋਂ ਕਟਾਕਸ਼ ਕਰਦੇ ਹਨ।

ਰਾਜੇਵਾਲ ਨੇ ਕਿਹਾ ਕਿ ਇਹੋ ਹਾਲ ਹਰਿਆਣੇ ਦਾ ਹੈ। ਚਿੰਤਾ ਹਰਿਆਣੇ ਦੀ ਸਰਕਾਰ ਨੂੰ ਵੀ ਨਹੀਂ। ਪਿਛਲੇ ਦਿਨੀਂ ਮੁਕੇਸ਼ ਅੰਬਾਨੀ ਦੀਆਂ ਕੰਪਨੀਆਂ ਨੇ ਬੈਂਕਾਂ ਨਾਲ 86 ਹਜਾਰ ਕਰੋੜ ਰੁਪਏ ਦਾ ਫਰਾਡ ਕੀਤਾ ਹੈ। ਸਰਕਾਰ ਚੁੱਪ ਹੈ, ਹੋਲੀ ਹੋਲੀ ਐਡੀ ਵੱਡੀ ਰਕਮ ਐਨ. ਪੀ. ਏ. ਕਹਿ ਕੇ ਮੁਆਫ ਕਰ ਦਿੱਤੀ ਜਾਵੇਗੀ। ਇਹੋ ਨਹੀਂ ਦੇਸ਼ ਦੇ ਵੱਡੇ ਘਰਾਣਿਆਂ ਨੂੰ ਉਨ੍ਹਾਂ ਵੱਲੋਂ ਲਏ ਕਰਜਿਆਂ ਨੂੰ ਐਨ ਪੀ. ਏ. ਵਿੱਚ ਪਾ ਕੇ ਅਤੇ ਕੁਝ ਹੋਰ ਉਤਸ਼ਾਹਿਤ ਕਰਨ ਲਈ, ਹਮੇਸ਼ਾਂ ਵਾਂਗ ਕੁਝ ਰਾਹਤ ਜਰੂਰ ਦੇ ਦੇਣੀ ਹੈ, ਚਹੇਤੇ ਜੋ ਹੋਏ। ਕਾਰਪੋਰੇਟ ਘਰਾਣਿਆਂ ਦੇ ਪਿਛਲੇ ਸੱਤ ਸਾਲਾਂ ਵਿੱਚ ਭਾਰਤ ਸਰਕਾਰ ਨੇ 42 ਲੱਖ ਕਰੋੜ ਰੁਪਏ ਮੁਆਫ ਕੀਤੇ ਹਨ। ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਦੇਸ਼ ਦੇ ਅੰਨਦਾਤੇ ਦੀ ਬਾਂਹ ਫੜਨਾ ਸਰਕਾਰ ਦੀ ਮੁੱਢਲੀ ਜਿੰਮੇਵਾਰੀ ਹੈ। ਪਰ ਸਥਿਤੀ ਦੁਖਦਾਈ ਹੈ।

ਰਾਜੇਵਾਲ ਨੇ ਕਿਹਾ ਕਿ ਉਨ੍ਹਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਵੀ ਚਿੱਠੀਆਂ ਲਿਖ ਕੇ ਕਿਸਾਨਾਂ ਨੂੰ 15 ਹਜਾਰ ਰੁਪਏ ਪ੍ਰਤੀ ਏਕੜ ਐਕਸਗ੍ਰੇਸ਼ੀਆ ਗ੍ਰਾਂਟ ਦੇਣ ਦੀ ਮੰਗ ਦੇ ਨਾਲ ਨਾਲ ਕਿਸਾਨਾਂ ਦੇ ਕਰਜੇ ਅਗਲੇ 10 ਸਾਲ ਲਈ ਵਿਆਜ ਰਹਿਤ ਅਸਾਨ ਕਿਸ਼ਤਾਂ ਵਿੱਚ ਪਾਉਣ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਭਾਵੇਂ ਹਾਲਾਂ ਤੱਕ ਪੰਜਾਬ ਲਈ ਕੀਤਾ ਤਾਂ ਕੁਝ ਨਹੀਂ, ਪਰ ਉਹ ਕਰੋੜਾਂ ਰੁਪਏ ਹਰ ਰੋਜ ਅਖਬਾਰਾਂ ਅਤੇ ਟੀ. ਵੀ. ਚੈਂਨਲਾਂ ਨੂੰ ਇਸ਼ਤਿਹਾਰ ਦੇ ਕੇ ਆਪਣੀ ਮਸ਼ਹੂਰੀ ਲਈ ਪੈਸਾ ਪਾਣੀ ਵਾਂਗ ਵਹਾ ਰਹੀ ਹੈ। ਇਹ ਇਸ਼ਤਿਹਾਰ ਪੰਜਾਬ ਤੱਕ ਨਹੀਂ ਪਰ ਪੰਜਾਬ ਦੇ ਖਜਾਨੇ 'ਚੋਂ ਗੁਜਰਾਤ, ਕਰਨਾਟਕ, ਦਿੱਲੀ, ਹਰਿਆਣਾ ਅਤੇ ਹਿਮਾਚਲ ਤੱਕ ਦੀਆਂ ਅਖਬਾਰਾਂ ਵਿੱਚ ਜਾ ਰਹੇ ਹਨ। ਸਾਰੇ ਟੀ. ਵੀ. ਚੈਨਲਾਂ ਉੱਤੇ ਹਰ 10 ਮਿੰਟ ਬਾਅਦ ਪੰਜਾਬ ਸਰਕਾਰ ਦਾ ਇਸ਼ਤਿਹਰ ਹੁੰਦਾ ਹੈ, ਜਿਵੇਂ ਕੋਈ ਬਹੁਤ ਵੱਡਾ ਮਾਰਕਾ ਮਾਰਿਆ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਪੱਸ਼ਟ ਕਰੇ ਕਿ ਉਸ ਕੋਲ ਬਰਬਾਦ ਹੋਏ ਕਿਸਾਨਾਂ ਲਈ ਕੀ ਹੈ?

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕਣਕ ਦੇ ਖਰੀਦ ਸੀਜ਼ਨ 2022-23 ਦੌਰਾਨ 13000 ਕਰੋੜ ਰੁਪਏ ਤੋਂ ਵੱਧ ਦਾ ਕੀਤਾ ਭੁਗਤਾਨ : ਕਟਾਰੂਚੱਕ

**ਪਿਛਲੇ ਦਹਾਕੇ ਦੌਰਾਨ ਇਸ ਸੀਜਨ ਵਿੱਚ ਕਿਸਾਨਾਂ ਨੂੰ ਸਭ ਤੋਂ ਵੱਧ ਅਦਾਇਗੀ ਕੀਤੀ ਗਈ: ਖੁਰਾਕ ਅਤੇ ਸਿਵਲ ਸਪਲਾਈ ਮੰਤਰੀ**

ਚੰਡੀਗੜ੍ਹ, 25 ਅਪ੍ਰੈਲ (ਪੋਸਟ ਬਿਊਰੋ): ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਿਸਾਨ ਪੱਖੀ ਕਦਮਾਂ ਦੇ ਸਪੱਸ਼ਟ ਸਬੂਤ ਵਜੋਂ, ਕਣਕ ਦੇ ਖਰੀਦ ਸੀਜ਼ਨ 2022-23 ਦੌਰਾਨ ਕਿਸਾਨੀ ਭਾਈਚਾਰੇ ਨੂੰ 13000 ਕਰੋੜ ਰੁਪਏ ਤੋਂ ਵੱਧ ਦੀਆਂ ਅਦਾਇਗੀਆਂ ਕੀਤੀਆਂ ਗਈਆਂ ਹਨ ਅਤੇ 25 ਅਪ੍ਰੈਲ ਤੱਕ ਇਹ ਅੰਕੜਾ 13,697.09 ਕਰੋੜ ਰੁਪਏ ਹੋ ਗਿਆ ਹੈ।


ਇਹ ਜਾਣਕਾਰੀ ਦਿੰਦਿਆਂ ਅੱਜ ਖੁਰਾਕ ਤੇ ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਪਿਛਲੇ ਇੱਕ ਦਹਾਕੇ ਦੌਰਾਨ ਕਿਸਾਨਾਂ ਨੂੰ ਕੀਤੀ ਗਈ ਇਹ ਸਭ ਤੋਂ ਵੱਧ ਅਦਾਇਗੀ ਹੈ।

ਹੋਰ ਜਾਣਕਾਰੀ ਦਿੰਦਿਆਂ ਮੰਤਰੀ ਨੇ ਕਿਹਾ ਕਿ ਇਸ ਸਾਲ ਦੌਰਾਨ ਜਾਰੀ ਕੀਤੇ ਗਏ ਕੁੱਲ ਘੱਟੋ-ਘੱਟ ਸਮਰਥਨ ਮੁੱਲ ਦਾ ਭੁਗਤਾਨ ਪਿਛਲੇ ਸਾਲ ਇਸੇ ਮਿਤੀ ਤੱਕ (4754.42 ਕਰੋੜ ਰੁਪਏ) ਕੀਤੇ ਗਏ ਭੁਗਤਾਨ ਨਾਲੋਂ ਤਿੰਨ ਗੁਣਾ ਜ਼ਿਆਦਾ ਹੈ। ਉਹਨਾਂ ਕਿਹਾ ਕਿ ਇਹ ਰਿਕਾਰਡ ਤੋੜ ਅੰਕੜੇ ਮੁੱਖ ਮੰਤਰੀ ਦੇ ਸਖ਼ਤ ਨਿਰਦੇਸ਼ਾਂ 'ਤੇ ਸੂਬਾ ਸਰਕਾਰ ਵੱਲੋਂ ਸੂਬੇ ਭਰ ਦੀਆਂ ਮੰਡੀਆਂ ਵਿੱਚ ਕੀਤੇ ਗਏ ਪੁਖਤਾ ਪ੍ਰਬੰਧਾਂ ਦਾ ਨਤੀਜਾ ਹਨ। ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਅੱਗੇ ਵੀ ਕਿਸਾਨਾਂ ਦੀ ਮਿਹਨਤ ਨਾਲ ਉਗਾਈ ਫਸਲ ਦੀ ਨਿਰਵਿਘਨ ਵਿਕਰੀ ਦੀ ਸਹੂਲਤ ਲਈ ਹਰ ਸੰਭਵ ਕਦਮ ਚੁੱਕਣਾ ਜਾਰੀ ਰੱਖੇਗੀ।

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਪੰਚਾਇਤੀ ਰਾਜ ਦੀ ਸਫਲਤਾ ਲੋਕਾਂ ਦੇ ਵਿਹਾਰ ਉੱਤੇ ਨਿਰਭਰ

ਅਵਧੇਸ਼ ਕੁਮਾਰ

ਜਦੋਂ ਪ੍ਰਧਾਨ ਮੰਤਰੀ ਪੀ ਵੀ ਨਰਸਿਮਹਾ ਰਾਓ ਸਰਕਾਰ ਨੇ 24 ਫਰਵਰੀ 1992 ਨੂੰ ਸੰਵਿਧਾਨ ਦੀ 73ਵੀਂ ਸੋਧ ਰਾਹੀਂ ਪੰਚਾਇਤੀ ਰਾਜ ਕਾਨੂੰਨ ਪਾਸ ਕੀਤਾ, ਜੋ ਇਸ ਦੇ ਇੱਕ ਸਾਲ ਬਾਅਦ 24 ਅਪ੍ਰੈਲ 1993 ਨੂੰ ਲਾਗੂ ਹੋਇਆ ਤਾਂ ਇਸ ਨੂੰ ਸਥਾਨਕ ਸਵੈ ਸ਼ਾਸਨ ਪ੍ਰਣਾਲੀ ਦੇ ਪੱਖ ਤੋਂ ਲੋਕਤੰਤਰ ਅਹਿੰਸਕ ਕ੍ਰਾਂਤੀ ਦਾ ਨਾਂਅ ਦਿੱਤਾ ਗਿਆ। ਅਸਲ ਵਿੱਚ ਆਜ਼ਾਦ ਭਾਰਤ ਦੀ ਸਭ ਤੋਂ ਵੱਡੀ ਤ੍ਰਾਸਦੀ ਸੀ ਕਿ ਮਹਾਤਮਾ ਗਾਂਧੀ ਨੂੰ ਆਜ਼ਾਦੀ ਅੰਦੋਲਨ ਦਾ ਆਪਣਾ ਨੇਤਾ ਐਲਾਨਣ ਦੇ ਬਾਵਜੂਦ ਆਜ਼ਾਦੀ ਦੇ ਬਾਅਦ ਸ਼ਾਸਨ ਵਿੱਚ ਆਈ ਸਰਕਾਰ ਨੇ ਗ੍ਰਾਮ ਸਵਰਾਜ ਦੇ ਉਨ੍ਹਾਂ ਦੇ ਸੁਫਨੇ ਨੂੰ ਸੰਵਿਧਾਨ ਤਹਿਤ ਲਾਜ਼ਮੀ ਤੌਰ ਉੱਤੇ ਸੰਪੂਰਨ ਰਾਸ਼ਟਰ ਵਿੱਚ ਸਾਕਾਰ ਕਰਨ ਦਾ ਕਦਮ ਨਹੀਂ ਚੁੱਕਿਆ। ਪੰਡਿਤ ਜਵਾਹਰ ਲਾਲ ਨਹਿਰੂ ਦੇ ਰਾਜ ਵਿੱਚ ਹੀ 1957 ਵਿੱਚ ਬਲਵੰਤ ਰਾਏ ਮਹਿਤਾ ਕਮੇਟੀ ਨੇ ਜਿਸ ਤਿੰਨ ਪੱਧਰੀ ਪੰਚਾਇਤ ਪ੍ਰਣਾਲੀ ਦੀ ਸਿਫਾਰਸ਼ ਕੀਤੀ, ਉਸ ਅਨੁਸਾਰ ਪਿੰਡ ਵਿੱਚ ਗਰਾਮ ਪੰਚਇਤ, ਬਲਾਕ ਪੱਧਰ ਉੱਤੇ ਪੰਚਾਇਤ ਸੰਮਤੀ ਅਤੇ ਜ਼ਿਲਾ ਪੱਧਰ ਉੱਤੇ ਜ਼ਿਲਾ ਪ੍ਰੀਸ਼ਦ ਨੂੰ ਸੰਵਿਧਾਨ ਦਾ ਲਾਜ਼ਮੀ ਹਿੱਸਾ ਬਣਾ ਦੇਣਾ ਚਾਹੀਦਾ ਸੀ। 1992 ਦੀ ਸੋਧ ਦੇ ਤਹਿਤ ਪੰਚਾਇਤਾਂ ਨੂੰ ਕੁੱਲ 29 ਵਿਸ਼ਿਆਂ ਉੱਤੇ ਕੰਮ ਕਰਨ ਦਾ ਸੰਵਿਧਾਨਕ ਅਧਿਕਾਰ ਮਿਲਿਆ। ਇਹ ਵਿਵਸਥਾ 29 ਸਾਲ ਪੂਰੇ ਕਰ ਕੇ 30ਵੇਂ ਸਾਲ ਵਿੱਚ ਆ ਗਈ ਹੈ। ਕਿਸੇ ਵਿਵਸਥਾ ਦੇ ਮੁਲਾਂਕਣ ਲਈ ਇੰਨਾ ਸਮਾਂ ਠੀਕ ਹੈ। ਸਵਾਲ ਹੈ ਕਿ ਕੀ ਅਸੀਂ ਪੰਚਾਇਤੀ ਪ੍ਰਣਾਲੀ ਦੀ ਸਥਿਤੀ ਨੂੰ ਤਸੱਲੀਬਖਸ਼ ਮੰਨ ਸਕਦੇ ਹਾਂ।

ਅੱਜ ਦੁਨੀਆ ਦੇ ਵਿਕਸਿਤ ਦੇਸ਼ ਰਸਮੀ ਤੌਰ ਉੱਤੇ ਇਹ ਮੰਨਣ ਲਈ ਮਜਬੂਰ ਹਨ ਕਿ ਭਾਰਤ ਵਰਗੇ ਵੱਡੇ ਤੇ ਵੰਨ-ਸੁਵੰਨਤਾ ਵਾਲੇ ਦੇਸ਼ ਵਿੱਚ ਪੰਚਾਇਤੀ ਰਾਜ ਰਾਹੀਂ ਸੱਤਾ ਨੂੰ ਹੇਠਾਂ ਪੁਚਾਉਣ ਦਾ ਕੰਮ ਅਦਭੁਤ ਹੈ। ਵਿਕਸਿਤ ਦੇਸ਼ਾਂ ਵਿੱਚ ਵਿਸ਼ਵ ਦੀ ਸ਼ਾਇਦ ਹੀ ਕੋਈ ਯੂਨੀਵਰਸਿਟੀ, ਖੋਜ ਸੰਸਥਾ ਜਾਂ ਥਿੰਕਟੈਂਕ ਹੋਵੇ, ਜਿਹੜਾ ਸੱਤਾ ਦੇ ਵਿਕੇਂਦ੍ਰੀਕਰਨ ਜਾਂ ਹੇਠਲੇ ਪੱਧਰ ਉੱਤੇ ਖੁਦਮੁਖਤਾਰੀ ਬਾਰੇ ਅਧਿਐਨ ਜਾਂ ਵਿਚਾਰ ਕਰਦੇ ਸਮੇਂ ਭਾਰਤ ਦੀ ਪੰਚਾਇਤੀ ਪ੍ਰਣਾਲੀ ਦਾ ਵਰਣਨ ਨਾ ਕਰੇ। ਇਸ ਆਧਾਰ ਉੱਤੇ ਸੁਭਾਵਿਕ ਸਿੱਟਾ ਇਹੀ ਨਿਕਲੇਗਾ ਕਿ ਜੇ ਵਿਸ਼ਵ ਵਿੱਚ ਇਸ ਵਿਵਸਥਾ ਨੇ ਧਾਕ ਜਮਾਈ ਹੈ ਤਾਂ ਯਕੀਨੀ ਤੌਰ ਉੱਤੇ ਸਫਲ ਹੈ।ਜਾਤੀ ਤੇ ਲਿੰਗ ਦੇ ਆਧਾਰ ਉੱਤੇ ਸੱਤਾ ਵਿੱਚ ਭਾਈਵਾਲੀ ਦੇ ਪੱਖੋਂ ਵਿਚਾਰ ਕਰੀਏ ਤਾਂ ਇਸ ਨੇ ਬਰਾਬਰੀ ਦੇ ਸਿਧਾਂਤ ਨੂੰ ਸਾਕਾਰ ਕੀਤਾ। 1992 ਦੀ ਸੋਧ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਨੂੰ ਬਾਅਦ ਵਿੱਚ ਪੰਜਾਹ ਫੀਸਦੀ ਕਰ ਦਿੱਤਾ, ਭਾਵ ਇਸ ਸਮੇਂ ਲਗਭਗ 2.6 ਲੱਖ ਗਰਾਮ ਪੰਚਾਇਤਾਂ ਵਿੱਚ ਰਾਖਵੇਂਕਰਨ ਦੇ ਅਨੁਸਾਰ ਸੱਤਾ ਦੀ ਅੱਧੀ ਵਾਗਡੋਰ ਔਰਤਾਂ ਦੇ ਹੱਥ ਹੈ। ਦੂਸਰੇ ਦਲਿਤਾਂ, ਆਦਿਵਾਸੀਆਂ, ਪੱਛੜੀਆਂ ਜਾਤਾਂ ਅਤੇ ਘੱਟ-ਗਿਣਤੀ ਦੇ ਪ੍ਰਤੀਨਿਧਾਂ ਦੀ ਗਿਣਤੀ ਅੱਸੀ ਫੀਸਦੀ ਤੋਂ ਵੱਧ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੰਚਾਇਤੀ ਰਾਜ ਨੇ ਸਮਾਜਕ ਬਰਾਬਰੀ ਨੂੰ ਮਨੋਵਿਗਿਆਨਕ ਪੱਧਰ ਉੱਤੇ ਸਥਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।



ਇਹ ਸਭ ਇੱਕ ਪੱਖ ਹੈ। ਦੂਸਰੇ ਪੱਖ ਚਿੰਤਾਜਨਕ ਅਤੇ ਕਈ ਮਾਇਨਿਆਂ ਵਿੱਚ ਡਰਾਉਣੇ ਹਨ। ਸੱਤਾ ਜੇ ਸ਼ਕਤੀ, ਜਾਇਦਾਦ ਅਤੇ ਪ੍ਰਭਾਵ ਸਥਾਪਨਾ ਦਾ ਕਾਰਕ ਬਣ ਜਾਵੇ ਤਾਂ ਹਰ ਕਿਸਮ ਦੇ ਮਨੁੱਖੀ ਵਿਗਾੜ ਦਾ ਸ਼ਿਕਾਰ ਹੁੰਦੀ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਅਨੁਸਾਰ ਸਰਕਾਰ ਦਾ ਵਿਕੇਂਦ੍ਰੀਕਰਨ ਤੁਲਨਾਤਮਕ ਢੰਗ ਨਾਲ ਪੰਚਾਇਤੀ ਰਾਜ ਵਿੱਚ ਘੱਟ ਹੈ। ਇਸ ਦੇ ਬਾਵਜੂਦ ਪੰਚਾਇਤੀ ਰਾਜ ਦੇ ਤਿੰਨਾਂ ਪੱਧਰਾਂ ਦੇ ਅਧਿਕਾਰ ਅਤੇ ਕਾਰਜ ਵਿਸਥਾਰ ਨਾਲ ਜਿੰਨੇ ਕੰਮ ਆਏ ਤੇ ਉਸ ਦੇ ਅਨੁਸਾਰ ਸਰੋਤਾਂ ਵਿੱਚ ਵਾਧਾ ਹੋਇਆ, ਉਸੇ ਅਨੁਸਾਰ ਇਨ੍ਹਾਂ ਦੇ ਅਹੁਦਿਆਂ ਉੱਤੇ ਚੁਣੇ ਜਾਣ ਦੀ ਲਾਲਸਾ ਵੀ ਵਧੀ। ਪੈਸੇ ਦੇ ਨਾਲ-ਨਾਲ ਤਾਕਤ ਦਾ ਬੋਲਬਾਲਾ ਵੀ ਹੈ ਅਤੇ ਜਾਤੀ ਸਮੀਕਰਨ ਤਾਂ ਹੈ ਹੀ। ਵਿਕਾਸ ਅਤੇ ਭਲਾਈ ਸ਼ਾਇਦ ਹੀ ਕੋਈ ਯੋਜਨਾ ਹੈ, ਜਿਸ ਵਿੱਚ ਭ੍ਰਿਸ਼ਟਾਚਾਰ ਨਾ ਹੋਵੇ। ਰਕਮ ਭਾਵੇਂ ਲਾਭਪਾਤਰੀ ਦੇ ਖਾਤੇ ਵਿੱਚ ਸਿੱਧੀ ਜਾਂਦੀ ਹੈ, ਭਾਵੇਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਹੋਵੇ ਜਾਂ ਸਵੱਛਤਾ ਤਹਿਤ ਟਾਇਲਟ ਜਾਂ ਅਜਿਹੀ ਕੋਈ ਯੋਜਨਾ, ਵਾਰਡ ਪ੍ਰਤੀਨਿਧੀ ਤੱਕ ਦਸਤਖਤ ਕਰਨ ਦੇ ਬਦਲੇ ਕਮਿਸ਼ਨ ਲੈਂਦੇ ਹਨ। ਮਨਰੇਗਾ ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਪ੍ਰੋਗਰਾਮ ਬਣ ਚੁੱਕਾ ਹੈ। ਇੱਕ ਵਾਰ ਚੁਣੇ ਜਾਣ ਪਿੱਛੋਂ ਸੱਤਾ, ਸ਼ਕਤੀ, ਜਾਇਦਾਦ ਅਤੇ ਪ੍ਰਭਾਵ ਦਾ ਸਵਾਦ ਮਿਲ ਜਾਣ ਪਿੱਛੋਂ ਅਕਸਰ ਕੋਈ ਅਹੁਦਾ ਜਾਣ ਨਹੀਂ ਦੇਣਾ ਚਾਹੁੰਦਾ। ਇਸ ਲਈ ਹਰ ਚੋਣ ਖੁਦ ਹੀ ਜਿੱਤਣ ਦੀ ਮਾਨਸਿਕਤਾ ਨੇ ਪੰਚ-ਾਇਤ ਪ੍ਰਣਾਲੀ ਨੂੰ ਪ੍ਰਭਾਵੀ ਲੋਕਾਂ ਦੀ ਪਕੜ ਵਿੱਚ ਸੁੱਟਿਆ ਹੈ। ਰਾਸ਼ਨ ਵੰਡਣ ਵਿੱਚ ਬਾਇਓਮੈਟ੍ਰਿਕ ਪ੍ਰਣਾਲੀ ਨੇ ਚੋਰੀ ਅਤੇ ਭ੍ਰਿਸ਼ਟਾਚਾਰ ਉੱਤੇ ਰੋਕ ਲਾਈ ਹੈ, ਪਰ ਪਿੰਡ ਵਿੱਚ ਚੰਗੀ ਖੇਤੀ ਕਰਨ ਵਾਲੇ ਖੁਸ਼ਹਾਲ ਪਰਵਾਰ ਵੀ ਸਸਤਾ ਅਨਾਜ ਲੈਂਦੇ ਹਨ। ਇਹ ਜਾਣਦੇ ਹੋਏ ਵੀ ਗਰਾਮ ਪੰਚਾਇਤ, ਸਰਪੰਚ ਉਸ ਉੱਤੇ ਰੋਕ ਨਹੀਂ ਲਾਉਂਦੇ ਕਿਉਂਕਿ ਮਾਮਲਾ ਵੋਟਾਂ ਦਾ ਹੈ। ਇਹ ਇੰਨਾ ਵੱਡਾ ਭ੍ਰਿਸ਼ਟਾਚਾਰ ਹੈ ਜਿਸ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਖੁਦ ਸੋਚਣ ਵਾਲੀ ਗੱਲ ਹੈ ਕਿ ਕੀ ਭਾਰਤ ਵਿੱਚ ਅੱਜ ਵੀ ਅੱਸੀ ਫੀਸਦੀ ਲੋਕਾਂ ਨੂੰ ਮੁਫਤ ਰਾਸ਼ਨ ਦੀ ਲੋੜ ਹੈ?

ਕੁਝ ਕੁਝ ਥਾਈਂ ਆਪਣੇ ਪੱਧਰ ਉੱਤੇ ਜ਼ਰੂਰੀ ਸੰਸਕਾਰ ਤੇ ਚਰਿੱਤਰ ਨਾਲ ਚੁਣੇ ਗਰਾਮ ਪ੍ਰਧਾਨਾਂ, ਮੁਖੀਆਂ ਅਤੇ ਸਰਪੰਚਾਂ ਨੇ ਚੰਗੇ ਕੰਮ ਨਾਲ ਵਿਵਸਥਾ ਨੂੰ ਆਕਰਸ਼ਕ ਬਣਾਇਆ ਹੈ। ਇਨ੍ਹਾਂ ਦੀ ਗਿਣਤੀ ਕਾਫੀ ਘੱਟ ਹੈ। ਪੰਚਾਇਤਾਂ ਦੀ ਕੁਝ ਵਿਵਸਥਾ ਠੀਕ ਤਰ੍ਹਾਂ ਲਾਗੂ ਹੀ ਨਹੀਂ। ਮਿਸਾਲ ਲਈ ਨਿਆਂ ਪੰਚਾਇਤ। ਜੇ ਨਿਆਂ ਪੰਚਾਇਤਾਂ ਕਲਪਨਾ ਅਨੁਸਾਰ ਸਹੀ ਢੰਗ ਨਾਲ ਲਾਗੂ ਹੋਣ ਤਾਂ ਅਦਾਲਤ ਵਿੱਚ ਵਧਦੇ ਕੇਸਾਂ ਦਾ ਬੋਝ ਕਾਫੀ ਹੱਦ ਤੱਕ ਘੱਟ ਹੋ ਜਾਵੇ। ਅਜਿਹਾ ਕਾਫੀ ਤਦ ਹੀ ਸੰਭਵ ਹੋਵੇਗਾ ਜਦੋਂ ਸਮਾਜ ਦੇ ਅੰਦਰ ਆਪਣੀ ਜ਼ਿੰਮੇਵਾਰੀ ਅਤੇ ਉਸ ਨਾਲ ਸੰਬੰਧਤ ਨੈਤਿਕ ਚੇਤਨਾ ਅਤੇ ਭਾਵੀ ਪੀੜ੍ਹੀ ਦਾ ਭਵਿੱਖ ਸੰਵਾਰਨ ਦਾ ਅਸਲੀ ਗਿਆਨ ਹੋਵੇ। ਅਸਲ ਵਿੱਚ ਇਹੀ ਕਿਸੇ ਵਿਵਸਥਾ ਦੀ ਸਫਲਤਾ ਦਾ ਮੂਲ ਹੈ।

# ਜੰਗੀ ਤਪਿਸ਼ 'ਚ ਝੁਲਸਦਾ ਬਚਪਨ

ਯੂਕਰੇਨ ਅਤੇ ਰੂਸ ਵਿਚਾਲੇ ਜੰਗ ਰੁਕਣ ਦਾ ਨਾਂਅ ਨਹੀਂ ਲੈ ਰਹੀ ਹੈ। ਜੰਗ ਦਾ ਸਭ ਤੋਂ ਜਿਆਦਾ ਮਾੜਾ ਅਸਰ ਬੱਚਿਆਂ 'ਤੇ ਪੈਂਦਾ ਹੈ। ਦੁਨੀਆਂ ਭਰ 'ਚ ਹੁਣ ਤੱਕ ਹਜਾਰਾਂ ਬੇਜ਼ੁਬਾਨ ਮਾਸੂਮ ਜੰਗ ਦੀ ਭੇਟ ਚੜ੍ਹ ਚੁੱਕੇ ਹਨ। ਵਿਸ਼ਵ ਪੱਧਰ 'ਤੇ ਬਾਲ ਅਧਿਕਾਰਾਂ ਦੀ ਗੱਲ ਕਰਨ ਵਾਲੀਆਂ ਸੰਸਥਾਵਾਂ ਹੱਥ ਬੰਨ੍ਹੀ ਖੜੀਆਂ ਹਨ। ਲਗਪਗ ਦੋ ਮਹੀਨੇ ਹੋ ਚੁੱਕੇ ਹਨ ਰੂਸ ਅਤੇ ਯੂਕਰੇਨ ਦਰਮਿਆਨ ਜੰਗ ਰੁਕਣ ਦਾ ਨਾਂਅ ਨਹੀਂ ਲੈ ਰਹੀ ਹੈ। ਅਜਿਹੇ ਹਲਾਤਾਂ 'ਚ ਸੰਯੁਕਤ ਰਾਸ਼ਟਰ ਸੰਘ, ਯੂਨੀਸੈਫ ਅਤੇ ਨਾਟੋ ਜਿਹੀਆਂ ਵਿਸ਼ਵ ਪੱਧਰ ਦੀਆਂ ਸੰਸਥਾਵਾਂ ਦਾ ਕੀ ਮਤਲਬ ਹੈ। ਹਜੇ ਤੱਕ ਰੂਸੀ ਰਾਸ਼ਟਰਪਤੀ ਬਲਾਦਿਮੀਰ ਪੁਤਿਨ ਦੁਨੀਆਂ ਦੇ ਸਭ ਤੋਂ ਤਾਕਤਵਰ ਨੇਤਾ ਦੇ ਰੂਪ ਵਿਚ ਉੱਭਰੇ ਹਨ। ਉਨ੍ਹਾਂ ਦੀ ਜ਼ਿੱਦ ਅੱਗੇ ਦੁਨੀਆਂ ਭਰ ਦੀਆਂ ਸੰਵਿਧਾਨਕ ਸੰਸਥਾਵਾਂ ਅਰਥਹੀਣ ਅਤੇ ਬੇਮਤਲਬ ਸਾਬਤ ਹੋਈਆਂ ਹਨ। ਦੁਨੀਆਂ ਭਰ ਦੇ ਮੁਲਕਾਂ ਨੇ ਪੁਤਿਨ ਨੂੰ ਜੰਗ ਰੋਕਣ ਦੀ ਅਪੀਲ ਕੀਤੀ ਪਰ ਉਨ੍ਹਾਂ ਨੇ ਕਿਸੇ ਨੂੰ ਤਵੱਜੋ ਨਹੀਂ ਦਿੱਤੀ।

ਸੰਯੁਕਤ ਰਾਸ਼ਟਰ ਸੰਘ, ਅੰਤਰਰਾਸ਼ਟਰੀ ਕੋਰਟ ਅਤੇ ਨਾਟੋ ਜਿਹੀਆਂ ਸੰਸਥਾਵਾਂ , ਯੂਰਪੀ ਸੰਘ ਵੱਲੋਂ ਤਮਾਮ ਪਾਬੰਦੀਆਂ ਲਾਉਣ ਦੇ ਬਾਵਜ਼ੂਦ ਵੀ ਪੁਤਿਨ ਨੂੰ ਜੰਗਬੰਦੀ ਦੇ ਲਈ ਨਹੀਂ ਰਾਜ਼ੀ ਕਰ ਸਕੀਆਂ। ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵੀ ਯੂਕ੍ਰੇਨ ਅਤੇ ਰੂਸ ਦੇ ਵਿਚਕਾਰ ਨਹੀਂ ਆਉਣਾ ਚਾਹੁੰਦੇ।ਯੂਕ੍ਰੇਨ ਅਤੇ ਰੂਸ ਦੀ ਜਨਤਾ ਕਦੇ ਵੀ ਜੰਗ ਨਹੀਂ ਚਾਹੁੰਦੀ ਸੀ ਪਰ ਦੋਹਾਂ ਦੇਸ਼ਾਂ ਦੇ ਸਿਆਸਤਦਾਨਾਂ ਨੇ ਹੱਸਦੇ ਵੱਸਦੇ ਮੁਲਕਾਂ ਨੂੰ ਜੰਗ ਦੀ ਅੱਗ ਵਿਚ ਧਕੇਲ ਦਿੱਤਾ ਹੈ। ਸੰਭਵ ਹੈ ਕਿ ਇਸਦਾ ਅਹਿਸਾਸ ਬਲਾਦਿਮੀਰ ਪੁਤਿਨ ਅਤੇ ਜੇਲੰਸਕੀ ਖੁਦ ਦੋਹੇਂ ਕਰ ਰਹੇ ਹੋਣਗੇ। ਇਨ੍ਹਾਂ ਜੰਗੀ ਹਲਾਤਾਂ 'ਚੋਂ ਉਭੱਰਨ ਤੋਂ ਬਾਅਦ ਪੁਤਿਨ ਅਤੇ ਜੇਲੰਸਕੀ ਦੇ ਹੱਥ 'ਚ ਕੀ ਹੋਵੇਗਾ, ਇਸ 'ਤੇ ਵੀ ਉਨ੍ਹਾਂ ਨੂੰ ਵਿਚਾਰ ਕਰਨਾ ਪਵੇਗਾ। ਕਿਉਂਕਿ ਪੁਤਿਨ ਦੇ ਫੈਸਲੇ ਦੇ ਖਿਲਾਫ ਰੂਸ 'ਚ ਵੀ ਆਮ ਨਾਗਰਿਕਾਂ ਨੇ ਪ੍ਰਦਰਸ਼ਨ ਕੀਤਾ ਹੈ। ਯੂਕੇਨ ਦੇ ਰਾਸ਼ਟਰਪਤੀ ਦੀ ਪਤਨੀ ਨੇ ਰੂਸੀ ਫੌਜੀਆਂ ਦੀਆਂ ਮਾਵਾਂ ਨੂੰ ਇਕ ਭਾਵੁਕ ਅਪੀਲ ਕੀਤੀ ਹੈ। ਉਨ੍ਹਾ ਲੇ ਲਿਖਿਆ ਹੈ ਕਿ ਦੇਖੋ ਤੁਹਾਡੇ ਫੌਜੀ ਪੁੱਤਰ ਕਿਸ ਤਰ੍ਹਾਂ ਸਾਡੇ ਪਤੀ, ਬੱਚੇ ਅਤੇ ਭਰਾਵਾਂ ਨੂੰ ਕਤਲ ਕਰ ਰਹੇ ਹਨ। ਕੋਈ ਵੀ ਮਾਂ ਕਿਸੇ ਬੱਚੇ ਨੂੰ ਇਸ ਤਰ੍ਹਾਂ ਕਤਲ ਹੁੰਦੇ ਨਹੀਂ ਦੇਖ ਸਕਦੀ। ਰੂਸੀ ਹਮਲੇ 'ਚ ਹੁਣ ਤੱਕ 144 ਤੋਂ ਜਿਆਦਾ ਮਾਸੂਸ ਬੱਚਿਆਂ ਦੀ ਮੌਤ ਹੋ ਚੁੱਕੀ ਹੈ ਜਦਕਿ 250 ਤੋਂ ਜਿਆਦਾ ਮਾਸੂਮ ਬੱਚੇ ਜ਼ਖਮੀ ਹੋਏ ਹਨ। ਯੂਕ੍ਰੇਨ ਦੇ ਜਿਨ੍ਹਾਂ ਬੇਗੁਨਾਹ ਮਾਸੂਮ ਬੱਚਿਆ ਦੇ ਹੱਥਾਂ 'ਚ ਖਿਡੌਣੇ, ਕਿਤਾਬਾਂ ਅਤੇ ਸੁਪਨੇ ਹੋਣੇ ਚਾਹੀਦੇ ਸਨ ਉਨ੍ਹਾਂ ਨੂੰ ਦਰਦਨਾਕ ਮੌਤ ਮਿਲ ਰਹੀ ਹੈ।ਹਸਪਤਾਲ ਖੰਡਰਾਂ 'ਚ ਤਬਦੀਲ ਹੋ ਗਏ ਹਨ, ਮਾਂ ਬਾਪ ਦੀ ਮੌਤ ਕਾਰਨ ਬਹੁਤ ਸਾਰੇ ਬੱਚੇ ਅਨਾਥ ਹੋ ਗਏ ਹਨ। ਪਰ ਦੁਨੀਆਂ ਇਹ ਸਭ ਚੁੱਪਚਾਪ ਦੇਖ ਰਹੀ ਹੈ। ਯੂਕ੍ਰੇਨ ਦੇ 60 ਲੱਖ ਬੱਚਿਆਂ ਦਾ ਭਵਿੱਖ ਦਾਅ 'ਤੇ ਲੱਗਿਆ ਹੋਇਆ ਹੈ। 464 ਸਕੂਲ ਤਬਾਹ ਹੋ ਗਏ ਹਨ, ਹਸਪਤਾਲਾਂ 'ਚ ਇਲਾਜ ਦੀ ਸਹੂਲਤ ਬੰਦ ਹੋ ਗਈ। ਜੰਗ ਦੇ ਕਾਰਨ ਯੂਕ੍ਰੇਨ ਦੇ 75 ਲੱਗ ਬੱਚਿਆਂ ਵਿਚੋਂ 15 ਲੱਖ ਨੇ ਦੇਸ਼ ਛੱਡ ਦਿੱਤਾ ਹੈ। ਹਜੇ ਤੱਕ ਜੰਗ ਦਾ ਖ਼ਤਰਾ ਟਲਿਆ ਨਹੀਂ ਹੈ। ਸੰਯੁਕਤ ਰਾਸ਼ਟਰ ਸੰਘ ਅਤੇ ਦੁਨੀਆਂ ਯੁਕ੍ਰੇਨ ਦੀ ਬਰਬਾਦੀ 'ਤੇ ਕੁਝ ਨਹੀਂ ਕਰ ਪਾਈ ਹੈ। ਜੇਕਰ ਇਹੋ ਹਲਾਤ ਰੂਸ ਦੇ ਨਾਲ ਹੁੰਦੇ ਤਾਂ ਕਿਸ ਤਰ੍ਹਾਂ ਦੀ ਤਸਵੀਰ ਹੁੰਦੀ।ਇਕ ਰਿਪੋਰਟ ਮੁਤਾਬਕ ਯੂਕ੍ਰੇਨ 'ਚ 80 ਹਜ਼ਾਰ ਬੱਚੇ ਮਾਵਾਂ ਦੇ ਗਰਭ ਵਿਚ ਹਨ, ਉਨ੍ਹਾਂ ਨੇ ਜਨਮ ਲੈਣਾ ਹੈ।ਇਨ੍ਹਾਂ ਜੰਗੀ ਹਲਾਤਾਂ 'ਚ ਇਨ੍ਹਾਂ ਮਾਵਾਂ ਨੂੰ ਹਸਪਤਾਲ ਦੀ ਬੁਨਿਆਦੀ ਜਣੇਪਾ ਸਹੂਲਤ ਕਿਵੇ ਉਪਲਬਧ ਕਰਵਾਈ ਜਾਵੇਗੀ,ਜਦਕਿ ਜਿਆਦਾਤਰ ਹਸਪਤਾਲ ਤਬਾਹ-ਬਰਬਾਦ ਹੋ ਗਏ ਹਨ।

*-ਹਰਪ੍ਰੀਤ ਸਿੰਘ ਬਰਾੜ*
*ਮੇਨ ਏਅਰ ਫੋਰਸ ਰੋਡ,*
*ਬਠਿੰਡਾ*

# ਕਿਵੇਂ ਛੱਡੀਏ ਚਿੰਤਾ ਕਰਨੀ



ਕੋਈ ਵੀ ਕੰਮ ਤਾਂ ਹੀ ਸਿੱਖਿਆ ਜਾ ਸਕਦਾ ਹੈ, ਜੇਕਰ ਕਿਸੇ ਵਿੱਚ ਉਸ ਕੰਮ ਨੂੰ ਸਿੱਖਣ ਦੀ ਇੱਛਾ ਹੋਵੇਗੀ। ਬਿਨਾਂ ਇੱਛਾ ਤੋਂ ਜਬਰਦਸਤੀ ਅਸੀਂ ਕਿਸੇ ਨੂੰ ਕਿਸੇ ਵੀ ਤਰ੍ਹਾਂ ਦਾ ਗੁਣ ਧਾਰਣ ਨਹੀਂ ਕਰਵਾ ਸਕਦੇ। ਜਿੰਨੀ ਦੇਰ ਇੱਕ ਨਸ਼ੇੜੀ ਖੁਦ ਨਸ਼ਿਆ ਤੋਂ ਤੌਬਾ ਨਹੀਂ ਕਰੇਗਾ, ਉਨ੍ਹੀ ਦੇਰ ਕਿਸੇ ਵੀ ਤਰ੍ਹਾਂ ਦੀ ਪ੍ਰਕਿਰਿਆ, ਸਮਾਧਾਨ ਉਸਨੂੰ ਨਸ਼ਿਆ ਤੋਂ ਦੂਰ ਨਹੀਂ ਕਰ ਸਕਦਾ। ਇਸੇ ਕਰਕੇ ਬਹੁਤ ਸਾਰੇ ਨਸ਼ਿਆ ਦੇ ਆਦੀ ਨੌਜਵਾਨ ਨਸ਼ੇ ਛੁਡਾਊ ਕੇਂਦਰਾਂ ਵਿੱਚ ਰਹਿ ਕੇ ਵੀ ਇਸ ਕੋਹੜ ਤੋਂ ਖਹਿੜਾ ਨਹੀਂ ਛੁਡਵਾ ਸਕੇ। ਕੋਈ ਨਵੀਂ ਚੰਗੀ ਆਦਤ ਦੇ ਧਾਰਣੀ ਹੋਣਾ ਹੋਵੇ ਜਾਂ ਕੋਈ ਬੁਰੀ ਆਦਤ ਤੋਂ ਤੌਬਾ ਕਰਨਾ ਹੋਵੇ, ਉਹ ਉਨੀਂ ਦੇਰ ਸੰਭਵ ਨਹੀਂ ਜਿੰਨੀ ਦੇਰ ਸਾਹਮਣੇ ਵਾਲੇ ਵਿਅਕਤੀ ਦਾ ਮਨੋਬਲ ਉਸਦਾ ਸਾਥ ਨਹੀਂ ਦੇਵੇਗਾ।

ਜਿਸ ਸਮਾਜ ਵਿੱਚ ਅਸੀਂ ਅੱਜ ਜੀਅ ਰਹੇ ਹਾਂ, ਇਸ ਸਮਾਜ ਵਿੱਚ ਮਾਨਸਿਕ ਬਿਮਾਰੀਆਂ ਨੇ ਸਭ ਤੋਂ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ। ਮਨ ਦੇ ਖੇੜੇ, ਚਿਹਰਿਆਂ ਦੇ ਹਾਸੇ, ਘਰਾਂ ਵਿੱਚ ਗੂੰਜਦੀਆਂ ਹਾਸੇ ਦੀਆਂ ਕਿਲਕਾਰੀਆਂ ਚਿੰਤਾਵਾਂ ਦੇ ਪਹਾੜ ਹੇਠਾਂ ਦੱਬ ਚੁੱਕੀਆਂ ਹਨ। ਜਿੱਧਰ ਵੇਖੋ ਚਿਹਰਿਆਂ ਤੋਂ ਰੌਣਕਾਂ ਉੱਡੀਆਂ ਹੋਈਆਂ, ਹਾਸਿਆਂ ਦੀ ਥਾਂ ਹੌਕਿਆਂ ਨੇ ਲਈ ਹੋਈ ਹੈ। ਪਿਆਰ ਹੁਲਾਰਿਆਂ , ਹਾਸਿਆਂ ਠੱਠਿਆਂ ਨੂੰ ਮਾਨਸਿਕ ਉਲਝਣਾਂ ਨੇ ਨਰੜ ਕੇ ਰੱਖਿਆ ਹੋਇਆ ਹੈ। ਅੱਜ ਦੇ ਮਨੁੱਖਾਂ ਦੀ ਸਭ ਤੋਂ ਭਿਆਨਕ ਬਿਮਾਰੀ ਚਿੰਤਾਂ ਹੈ ਅਤੇ ਚਿੰਤਾਂ ਹੀ ਸਾਰੇ ਮਾਨਸਿਕ ਰੋਗਾਂ ਦੀ ਜੜ੍ਹ ਹੈ। ਚਿੰਤਾਵਾਂ ਦੇ ਕਾਰਣ ਵੀ ਕੀ ਹਨ? ਪੈਸਾ, ਸੁੱਖ ਸਹੂਲਤਾਂ, ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਤਾਂਘ, ਅਸੰਤੁਸ਼ਟੀ, ਹਮੇਸ਼ਾ ਆਪਣੇ ਆਪ ਨੂੰ ਦੂਸਰਿਆਂ ਤੋਂ ਘੱਟ ਸਮਝਣਾ ਅਤੇ ਪਰਾਈ ਤਾਤ ਰੱਖਣੀ। ਹਾਂ ਮੈਂ ਮੰਨਦੀ ਹਾਂ ਕਿ ਤੁਸੀਂ ਬਹੁਤ ਸਾਰੀਆਂ ਚਿੰਤਾਵਾਂ ਸਹੇੜ ਚੁੱਕੇ ਹੋ ਅਤੇ ਮਾਨਸਿਕ ਰੋਗੀਆਂ ਦੀ ਸੂਚੀ ਵਿੱਚ ਸ਼ਾਮਿਲ ਹੋ ਚੁੱਕੇ ਹੋ। ਪਰ ਹੁਣ ਸਾਨੂੰ ਇਹ ਦੇਖਣਾ ਪਵੇਗਾ ਕਿ ਇੱਕ ਮਾਨਸਿਕ ਰੋਗੀ ਜੋ ਹਮੇਸ਼ਾ ਚਿੰਤਾਵਾਂ ਵਿੱਚ ਘਿਰਿਆ ਰਹਿੰਦਾ ਹੈ, ਚਿੰਤਾਂ ਮੁਕਤ ਕਿਵੇਂ ਹੋ ਸਕਦਾ ਹੈ।

ਜਿਵੇਂ ਮੈਂ ਸ਼ੁਰੂਆਤ ਵਿੱਚ ਦੱਸਿਆ ਕਿ ਕੋਈ ਵੀ ਕੰਮ ਉਨੀਂ ਦੇਰ ਨਹੀਂ ਕੀਤਾ ਜਾ ਸਕਦਾ, ਜਿੰਨੀ ਦੇਰ ਉਸਨੂੰ ਕਰਨ ਵਾਲਾ ਜਾਂ ਸਿੱਖਣ ਵਾਲਾ ਆਪਣੇ ਆਪ ਤਿਆਰ ਨਹੀਂ ਹੈ। ਕੋਈ ਵੀ ਕੰਮ ਅਭਿਆਸ ਨਾਲ ਸਿੱਖਿਆ ਜਾਂਦਾ ਹੈ, ਸੋ ਚਿੰਤਾਂਵਾਨ ਨੂੰ ਸਭ ਤੋਂ ਪਹਿਲਾਂ ਚਿੰਤਾਂ ਦਾ ਅਭਿਆਸ ਕਰਨਾ ਬੰਦ ਕਰਨਾ ਪਵੇਗਾ ਅਤੇ ਚਿੰਤਾਂ ਨਾ ਕਰਨ ਦਾ ਅਭਿਆਸ ਸ਼ੁਰੂ ਕਰਨਾ ਪਵੇਗਾ। ਕੋਈ ਵੀ ਕੰਮ ਜਿਸਨੂੰ ਅਸੀਂ ਕਰਨਾ ਛੱਡ ਦੇਵਾਂਗੇ, ਉਸਨੂੰ ਹੋਲੀ ਹੋਲੀ ਅਸੀਂ ਕਰਨਾ ਭੁੱਲ ਜਾਵਾਂਗੇ। ਚਿੰਤਾਵਾਨ ਜਦੋਂ ਹਰ ਵੇਲੇ ਚਿੰਤਾਂ ਵਿੱਚ ਡੁੱਬਿਆ ਰਹਿੰਦਾ ਹੈ ਤਾਂ, ਇਹ ਨਿਸਚਿੰਤ ਹੋਣ ਦੀ ਪ੍ਰਕਿਰਿਆ ਵਿੱਚ ਸਭ ਤੋਂ ਵੱਡੀ ਰੁਕਾਵਟ ਹੁੰਦੀ ਹੈ। ਇਹ ਵੀ ਮੰਨਣਾ ਪਵੇਗਾ ਕਿ ਚਿੰਤਾਵਾਨ ਦਾ ਕਹਿਣਾ ਹੁੰਦਾ ਹੈ ਕਿ ਉਸ ਕੋਲੋਂ ਚਿੰਤਾਂ ਕਰਨੀ ਛੱਡ ਨਹੀਂ ਹੁੰਦੀ, ਉਹ ਯਤਨ ਕਰਦਾ ਹੈ ਪਰ ਮੁੜ ਘੁੜ ਕੇ ਉਸਦੇ ਮਨ ਵਿੱਚ ਨਕਾਰ-ਾਤਮਕ ਖਿਆਲ ਹੀ ਆਉਂਦੇ ਹਨ, ਅਜਿਹੇ ਵਿੱਚ ਚਿੰਤਾਵਾਨ ਮਨੁੱਖ ਦੇ ਪਰਿਵਾਰਿਕ ਮੈਂਬਰ ਬਹੁਤ ਵੱਡੀ ਭੂਮਿਕਾ ਨਿਭਾ ਸਕਦੇ ਹਨ, ਉਹ ਹਮੇਸ਼ਾ ਉਸ ਮਨੁੱਖ ਕੋਲ ਚੜਦੀਕਲਾ, ਸਕਾਰਾਤਮਕ ਊਰਜਾ ਨਾਲ ਭਰਭੂਰ ਗੱਲਾਂ ਕਰ ਸਕਦੇ ਹਨ। ਚਿੰਤਾਵਾਨ ਮਨੁੱਖ ਨੂੰ ਵੀ ਆਪਣੇ ਅੰਦਰ ਚੰਗੀਆਂ ਗੱਲਾਂ ਲਿਆਉਣ ਦਾ ਅਭਿਆਸ ਕਰਨਾ ਚਾਹੀਦਾ ਹੈ।

ਡਾਕਟਰ ਐੱਚ. ਐੱਲ ਹੋਲਿੰਗਵਰਥ ਲਿਖਦੇ ਹਨ ਕਿ " ਚਿੰਤਾਵਾਨ ਮਨੁੱਖ ਨੂੰ ਉਸ ਦੀਆਂ ਤਕਲੀਫ਼ਾਂ ਦੇ ਕੇਵਲ ਕਾਰਨ ਦੱਸਣ ਦੀ ਲੋੜ ਹੁੰਦੀ ਹੈ। ਜੇ ਉਸ ਨੂੰ ਆਪਣੀਆਂ ਤਕਲੀਫ਼ਾਂ ਦੇ ਕਾਰਨਾਂ ਦਾ ਚਾਨਣ ਹੋ ਜਾਵੇ ਤਾਂ ਉਸਦੇ ਰਾਜ਼ੀ ਹੋਣ ਲਈ ਹੋਰ ਚੀਜ਼ ਦੀ ਲੋੜ ਨਹੀਂ ਰਹਿੰਦੀ। ਜਦੋਂ ਚਿੰਤਾਵਾਨ ਨੂੰ ਆਪਣੀਆਂ ਪਰੇਸ਼ਾਨੀਆਂ ਦੇ ਕਾਰਨਾਂ ਦਾ ਪਤਾ ਲੱਗ ਜਾਂਦਾ ਹੈ ਤਾਂ ਉਹ ਬਹੁਤ ਸਾਰੇ ਡਰ, ਭਊ ਤੋਂ ਰਹਿਤ ਹੋ ਜਾਂਦਾ ਹੈ। ਜਦੋਂ ਚਿੰਤਾਵਾਨ ਵਿੱਚ ਡਰ ਖਤਮ ਹੋ ਗਿਆ ਤਾਂ ਉਹ ਆਪਣੇ ਆਪ ਠੀਕ ਹੋ ਜਾਵੇਗਾ। "

ਇੱਕ ਹੋਰ ਪੱਛਮੀ ਲੇਖਕ ਆਪਣੀ ਕਿਤਾਬ ( ਜੀਵਨ ਖੇਡਾਂ) ਵਿੱਚ ਲਿਖਦੇ ਹਨ ਕਿ " ਡਰ ਤੁਹਾਡੀਆਂ ਅੱਖਾਂ ਦੇ ਸਾਹਮਣੇ ਉਹ ਨਜ਼ਾਰੇ ਸਾਫ਼ ਸਾਫ਼ ਲੈ ਆਉਂਦਾ ਹੈ ਜਿੰਨਾਂ ਨੂੰ ਵੇਖਣੋਂ ਤੁਸੀਂ ਡਰਦੇ ਹੋ। ਸ਼ੇਰ ਆਪਣੀ ਨਿਡਰਤਾ ਅਤੇ ਖੂਨ ਖਾਰੀ ਤੁਹਾਡੇ ਡਰ ਤੋਂ ਪ੍ਰਾਪਤ ਕਰਦਾ ਹੈ, ਸ਼ੇਰ ਵੱਲ ਨਿਡਰ ਹੋਕੇ ਜਾਵੋ, ਉਹ ਭੱਜ ਜਾਵੇਗਾ, ਪਰ ਜੇ ਤੁਸੀਂ ਉਸ ਕੋਲੋਂ ਭੱਜੋਗੇ ਤਾਂ ਉਹ ਤੁਹਾਡੇ ਪਿੱਛੇ ਨੱਸੇਗਾ । " ਇਹ ਕਥਨ ਉਹਨਾਂ ਲੋਕਾਂ ਤੇ ਬਿਲਕੁਲ ਢੁੱਕਵਾਂ ਹੈ ਜੋ ਹਰ ਚੀਜ਼ ਦੇ ਆਉਣ ਵਾਲੇ ਨਤੀਜਿਆਂ ਤੋਂ ਪਹਿਲਾਂ ਹੀ ਘਬਰਾਉਂਦੇ ਰਹਿੰਦੇ ਹਨ। ਡਰ ਦੇ ਅਧੀਨ ਹੋ ਆਪਣਾ ਆਪ ਉਸਨੂੰ ਸੌਂਪ ਦਿੰਦੇ ਹਨ ਅਤੇ ਫਿਰ ਮਾਨਸਿਕ ਪੀੜਾ ਸਹਿੰਦੇ ਰਹਿੰਦੇ ਹਨ।

ਸਾਨੂੰ ਇੱਕ ਗੱਲ ਸਮਝਣੀ ਪਵੇਗੀ ਕਿ ਕਿਸੇ ਵੀ ਮੁਸ਼ਕਿਲ ਦਾ ਹੱਲ ਚਿੰਤਾਂ ਕਰਨੀ ਨਹੀਂ ਹੋ ਸਕਦਾ। ਉਦਹਾਰਣ ਦੇ ਤੌਰ ਤੇ ਜੇਕਰ ਇੱਕ ਵਿਦਿਆਰਥੀ ਆਪਣੇ ਇਮਤਿਹਾਨਾਂ ਦੇ ਨਤੀਜਿਆਂ ਦੇ ਆਉਣ ਤੋਂ ਡਰ ਰਿਹਾ ਹੈ ਤਾਂ ਉਹ ਫਜ਼ੂਲ ਹੈ, ਕਿਉਂਕਿ ਨਤੀਜੇ ਉਸ ਦੁਆਰਾ ਕੀਤੇ ਪੇਪਰ ਦੇ ਹੀ ਆਉਣੇ ਹਨ, ਚਿੰਤਾਂ ਕਰਨ ਨਾਲ ਉਸਦਾ ਇਮਤਿਹਾਨ ਵਿੱਚ ਕੀਤਾ ਗਲਤ ਸਵਾਲ ਸਹੀ ਵਿੱਚ ਤਬਦੀਲ ਨਹੀਂ ਹੋ ਸਕਦਾ। ਹਾਂ ਇਹ ਜਰੂਰ ਹੈ ਕਿ ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਉਸਨੂੰ ਸੁਚੱਜੇ ਢੰਗ ਨਾਲ ਕਿਵੇਂ ਕੀਤਾ ਜਾ ਸਕਦਾ ਹੈ, ਇਹ ਸੋਚਿਆ ਜਾ ਸਕਦਾ ਹੈ।

ਸੋ ਚਿੰਤਾਵਾਂ ਦੇ ਚੱਲਦੇ ਇਸ ਪਰਵਾਹ ਨੂੰ ਰੋਕਣ ਦਾ ਇੱਕ ਸਭ ਤੋਂ ਕਾਰਗਰ ਤਰੀਕਾ ਇਹ ਹੈ ਕਿ ਚਿੰਤਾਂ ਦਾ ਅਭਿਆਸ ਕਰਨਾ ਬੰਦ ਕੀਤਾ ਜਾਵੇ, ਆਪਣੇ ਆਪ ਨੂੰ ਚਿੰਤਾਂ ਮੁਕਤ ਕਰਨ ਲਈ ਆਪਣਾ ਮਨੋਬਲ ਵਧਾਇਆ ਜਾਵੇ , ਹਮੇਸ਼ਾ ਚੜਦੀਕਲਾ ਵਿੱਚ ਰਿਹਾ ਜਾਵੇ, ਚਿੰਤਾਵਾਨ ਦੇ ਪਰਿਵਾਰਿਕ ਜੀਅ ਕਦੇ ਵੀ ਚਿੰਤਾਵਾਨ ਕੋਲ ਢਹਿੰਦੀਕਲਾ ਦੀ ਗੱਲ ਨਾ ਕਰਨ, ਹਮੇਸ਼ਾ ਪ੍ਰੋਸਾਹਿਤ ਕੀਤਾ ਜਾਵੇ ਕਿ ਉਹ ਬਿਲਕੁਲ ਠੀਕ ਹੈ । ਹਮੇਸ਼ਾ ਮਾਨਸਿਕ ਰੋਗੀ ਨੂੰ ਸਕਾਰਾਤਮਕ ਤਰੰਗਾਂ ਹੀ ਦਿੱਤੀਆਂ ਜਾਣ। ਜਿੰਨਾਂ ਹੋ ਸਕੇ ਉਸ ਨਾਲ ਹਮਦਰਦੀ ਕਰਨ ਅਤੇ ਉਸ ਵੱਲ ਤਰਸ ਭਰੀਆਂ ਨਿਗਾਹਾਂ ਨਾਲ ਦੇਖਣਾ ਬੰਦ ਕੀਤਾ ਜਾਵੇ ਤਾਂ ਜੋ

ਉਸ ਵਿੱਚ ਸਕਾਰਾਤਮਕ ਊਰਜਾ ਭਰੀ ਜਾਵੇ। ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ ਬਸ ਜਰੂਰਤ ਹੁੰਦੀ ਹੈ ਸਾਡੇ ਤਕੜੇ ਮਨੋਬਲ ਦੀ, ਜਰੂਰਤ ਹੁੰਦੀ ਹੈ ਹਮੇਸ਼ਾ ਚੜਦੀਕਲਾ ਵਿੱਚ ਰਹਿਣ ਦੀ।

*-ਹਰਕੀਰਤ ਕੌਰ*
*9779118066*

# ਆਓ ! ਜੰਗ ਮੁਕਤ ਸੰਸਾਰ ਸਿਰਜੀਏ

-ਡਾਕਟਰ ਸੁਦਰਸ਼ਨ ਗਾਸੋ

ਜੰਗ ਅਤੇ ਅਮਨ ਦਾ ਰੰਗ ਤੇ ਰੂਪ ਅਸੀਂ ਵੇਖਦੇ ਆਏ ਹਾਂ। ਇੱਥੇ ਆ ਕੇ ਅਸੀਂ ਫੁੱਲ ਤੇ ਫੂਸ ਬਾਰੇ ਸੋਚਣ ਲਈ ਮਜਬੂਰ ਹੁੰਦੇ ਹਾਂ। ਫੁੱਲ ਖੁਸ਼ਬੋਈਆਂ ਵੰਡਦਾ ਹੈ। ਮਹਿਕਾਂ ਵੰਡਦਾ ਹੈ, ਖੇੜਾ ਵੰਡਦਾ ਹੈ, ਖੁਸ਼ਹਾਲੀ ਅਤੇ ਖੁਸ਼ੀਆਂ ਵੰਡਦਾ ਹੈ। ਫੂਸ ਮਹਿਕ ਵਿਹੂਣਾ ਹੁੰਦਾ ਹੈ, ਮਹਿਕ ਰਹੇ ਫੁੱਲਾਂ ਅਤੇ ਟਹਿਣੀਆਂ ਦੀ ਪਿੱਛ ਹੁੰਦਾ ਹੈ। ਬੰਬਾਂ ਨਾਲ ਦੁਨੀਆ ਨੂੰ ਫੂਸ ਦੇ ਢੇਰ ਵਾਂਗ ਨੇਸਤੋ-ਨਾਬੂਦ ਕੀਤਾ ਜਾਂਦਾ ਹੈ। ਫੂਸ ਦੇ ਢੇਰ ਵਿੱਚ ਮਨੁੱਖ ਦੀਆਂ ਸਭ ਖੁਸ਼ੀਆਂ, ਖੁਸ਼ਹਾਲੀਆਂ ਨੂੰ ਸਦਾ-ਸਦਾ ਲਈ ਦਫਨ ਕੀਤਾ ਜਾਂਦਾ ਹੈ। ਇਹ ਕਿਹੋ ਜਿਹੀ ਸੋਚ ਹੈ ਜਿਹੜੀ ਖੂਬਸੂਰਤ ਸਿਰਜਣਾ ਦਾ ਸੰਘਾਰ ਕਰਦੀ ਹੈ।

ਮਨੁੱਖ (ਮਰਦ ਅਤੇ ਔਰਤ) ਦੁਨੀਆ ਦੀ ਖੂਬਸੂਰਤ ਤੇ ਸ੍ਰੇਸ਼ਠ ਰਚਨਾ ਹੈ। ਇਸ ਖੂਬਸੂਰਤ ਰਚਨਾ ਨੂੰ ਕੁਦਰਤ ਅੱਗੋਂ ਇੱਕ ਨਵਾਂ ਸੰਸਾਰ ਪੈਦਾ ਕਰਨ ਦੀ ਸ਼ਕਤੀ ਤੇ ਸਮਰੱਥਾ ਬਖਸ਼ਦੀ ਹੈ। ਮਾਂ ਦੀ ਗੋਦ ਵਿੱਚ ਜੀਵਨ ਦਾ ਅੰਮ੍ਰਿਤਪਾਨ ਕਰ ਰਹੇ ਬੱਚੇ ਦਾ ਚਿੱਤਰ, ਦ੍ਰਿਸ਼ ਦੁਨੀਆ ਦੇ ਸਭ ਤੋਂ ਖੂਬਸੂਰਤ, ਖਿੱਚ-ਭਰਪੂਰ, ਸ੍ਰੇਸ਼ਠ ਅਤੇ ਮਹਾਨ ਚਿੱਤਰ ਤੇ ਦ੍ਰਿਸ਼ ਕਿਹਾ ਜਾ ਸਕਦਾ ਹੈ। ਜਦੋਂ ਜੰਗਾਂ, ਯੁੱਧਾਂ ਵਿੱਚ ਲੱਖਾਂ ਅਬੋਧ ਬੱਚਿਆਂ ਦੇ ਰੋਣ-ਕੁਰਲਾਉਣ ਦਾ ਦ੍ਰਿਸ਼ ਸਾਡੇ ਸਾਹਮਣੇ ਆਉਂਦਾ ਹੈ ਤਾਂ ਉਸ ਤੋਂ ਦਰਦਨਾਕ ਤੇ ਹੌਲਨਕ ਦ੍ਰਿਸ਼ ਕੋਈ ਨਹੀਂ ਹੁੰਦਾ। ਮੈਂ ਇੱਕ ਥਾਂ ਪੜ੍ਹਿਆ ਸੀ ਕਿ ਦੁਨੀਆ ਦਾ ਸਭ ਤੋਂ ਭਿਆਨਕ ਦ੍ਰਿਸ਼ ਡਰ ਨਾਲ ਕੰਬਦੇ ਮਨੁੱਖ ਦਾ ਦ੍ਰਿਸ਼ ਹੁੰਦਾ ਹੈ। ਅੱਜ ਦੁਨੀਆ ਵਿੱਚ ਜੰਗਬਾਜ਼ਾਂ ਵੱਲੋਂ ਡਰ ਪੈਦਾ ਕੀਤਾ ਜਾ ਰਿਹਾ ਹੈ। ਸਰਮਾਏਦਾਰ ਦੇਸ਼ਾਂ ਵੱਲੋਂ ਤਰ੍ਹਾਂ-ਤਰ੍ਹਾਂ ਦੇ ਡਰ ਪੈਦਾ ਕੀਤੇ ਜਾਂਦੇ ਹਨ। ਸਵਾਲ ਹੈ ਕਿ ਇੱਕ ਪਾਸੇ ਕੁਦਰਤ ਹੈ ਜੋ ਸਾਨੂੰ ਜ਼ਿੰਦਗੀ ਬਖਸ਼ਦੀ ਹੈ, ਇੱਕ ਪਾਸੇ ਮਨੁੱਖ ਹੈ ਜਿਹੜਾ ਕੁਦਰਤ ਦੀ ਬਖਸ਼ੀ ਜ਼ਿੰਦਗੀ ਨੂੰ ਆਪਣੇ ਵੱਲੋਂ ਤਿਆਰ ਕੀਤੇ ਬੰਬਾਂ, ਬੰਦੂਕਾਂ, ਟੈਂਕਾਂ, ਤੋਪਾਂ ਨਾਲ ਇਸ ਨੂੰ ਤਬਾਹ ਕਰਦਾ ਆਇਆ ਹੈ। ਕੀ ਇਸ ਸੰਸਾਰ ਨੂੰ ਵਿਨਾਸ਼ਕਾਰੀ ਬੰਬਾਂ, ਤੋਪਾਂ, ਬੰਦੂਕਾਂ ਤੇ ਪਰਮਾਣੂ ਬੰਬਾਂ ਤੋਂ ਮੁਕਤ ਨਹੀਂ ਬਣਾਇਆ ਜਾ ਸਕਦਾ? ਕੀ ਇਸ ਸੰਸਾਰ ਨੂੰ ਸੁੰਦਰ ਬਗੀਚੇ ਵਾਂਗ ਭਾਂਤ-ਭਾਂਤ ਦੀ ਮਹਿਕ ਨਾਲ ਮਹਿਕ-ਾਇਆ ਨਹੀਂ ਜਾ ਸਕਦਾ? ਅਜੇ ਤੱਕ ਤਾਂ ਮਨੁੱਖ ਹੱਦਾਂ ਤੇ ਸਰਹੱਦਾਂ ਵਿੱਚ





ਰਹਿੰਦਾ ਆਇਆ ਹੈ। ਜਿਨ੍ਹਾਂ ਬੰਬਾਂ ਨੂੰ ਉਹ ਆਪਣੀ ਸੁਰੱਖਿਆ ਦਾ ਹਥਿਆਰ ਸਮਝਦਾ ਆਇਆ ਹੈ, ਉਹ ਭੁੱਲ ਜਾਂਦਾ ਹੈ ਕਿ ਉਹ ਹੀ ਉਸ ਦੇ ਵਿਨਾਸ਼ ਦਾ ਆਧਾਰ ਬਣਦੇ ਹਨ। ਦੁਨੀਆ ਬੰਬਾਂ ਦੇ ਢੇਰ ਉੱਤੇ ਬੈਠੀ ਹੈ। ਕੈਸੀ ਦੁਨੀਆ ਮਨੁੱਖ ਨੇ ਸਿਰਜ ਲਈ ਹੈ। ਅਸੀਂ ਦੁਨੀਆ ਨੂੰ ਖੁਦ ਹੀ ਤਬਾਹ ਕਰਨ ਦੇ ਰਸਤੇ ਤੁਰ ਪਏ ਹਾਂ।

ਦੁਨੀਆ ਦੇ ਦੇਸ਼ਾਂ ਵਿੱਚ ਇਹ ਹੋੜ ਲੱਗੀ ਹੈ ਵਿਨਾਸ਼ਕਾਰੀ ਹਥਿਆਰਾਂ, ਬੰਬਾਂ ਨੂੰ ਬਣਾਉਣ ਦੀ। ਵਿਗਿਆਨੀਆਂ ਨੇ ਅਜਿਹੇ ਬੰਬਾਂ ਬਾਰੇ ਚਿਤਾਵਨੀ ਦਿੱਤੀ ਹੈ ਕਿ ਜੇ ਦੁਨੀਆ ਦੇ ਕਿਸੇ ਦੇਸ਼ ਨੇ ਦੋ-ਚਾਰ ਬੰਬਾਂ ਨੂੰ ਹੀ ਹੰਕਾਰ ਵਸ ਚਲਾ ਦਿੱਤਾ ਤਾਂ ਦੇਖਦਿਆਂ-ਦੇਖਦਿਆਂ ਇਹ ਸੰਸਾਰ ਰਾਖ ਦੇ ਢੇਰ ਵਿੱਚ ਬਦਲ ਜਾਵੇਗਾ ਤੇ ਅਗਲੇ ਅਨੇਕਾਂ ਸਾਲਾਂ ਤੱਕ ਇੱਥੇ ਧੂੜ ਹੀ ਨਜ਼ਰ ਆਵੇਗੀ। ਅਣਗਿਣਤ ਸਦੀਵੀ ਬਿਮਾਰੀਆਂ ਅਤੇ ਕੋਹੜ ਭਰੇ ਮੰਜ਼ਰ ਦੇਖਣ ਲਈ ਰਹਿ ਜਾਣਗੇ ਭਾਵ ਜ਼ਿੰਦਗੀ ਦਾ ਸੋਨਾ ਸਾਡੇ ਆਪਣੇ ਸਮਰੱਥ ਹੱਥਾਂ ਵਿੱਚੋਂ ਰੇਤ ਵਾਂਗ ਕਿਰ ਜਾਵੇਗਾ। ਫਿਰ ਇਹੀ ਧੁਨ ਚਾਰੇ ਪਾਸੇ ਸੁਣਾਈ ਦੇਵੇਗੀ: ਮਿੱਟੀ ਨਾ ਫਰੋਲ ਜੋਗੀਆ, ਨਹੀਓਂ ਲੱਭਣੇ ਲਾਲ ਗੁਆਚੇ। ਇਸ ਸੰਸਾਰ ਦੀ ਸਿਰਜਣਾ ਵਿੱਚ ਕਰੋੜਾਂ ਵਰ੍ਹੇ ਲੱਗੇ ਹਨ, ਹੰਕਾਰੀ ਤੇ ਵਿਨਾਸ਼ਕਾਰੀ ਸ਼ਕਤੀਆਂ ਦੇ ਬਣਾਏ ਬੰਬਾਂ ਨਾਲ ਇਸ ਨੂੰ ਤਬਾਹ ਕਰਨ ਲਈ ਕੁਝ ਸਕਿੰਟ ਲੱਗਣੇ ਹਨ। ਇਹ ਹਨੇਰੇ ਤੇ ਰੋਸ਼ਨੀ ਦੀ ਲੜਾਈ ਹੈ। ਇਹ ਖੁਸ਼ੀਆਂ ਦੇਣ ਤੇ ਖੁਸ਼ੀਆਂ ਖੋਹਣ ਦੀ ਲੜਾਈ ਹੈ। ਕੁਦਰਤ ਖੁਸ਼ੀਆਂ ਵੰਡਦੀ ਹੈ, ਖੁਸ਼ੀਆਂ ਦਿੰਦੀ ਹਨ, ਬੰਬ ਖੁਸ਼ੀਆਂ ਖੋਂਹਦੇਕਰਦੇ ਹਨ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਅਨੁਸਾਰ 2021 ਵਿੱਚ ਦੁਨੀਆ ਦੇ ਦੇਸ਼ਾਂ ਵੱਲੋਂ ਹਥਿਆਰਾਂ ਤੇ ਬੰਬਾਂ ਉਤੇ ਕੋਈ 1981 ਬਿਲੀਅਨ ਡਾਲਰ ਖਰਚ ਕੀਤੇ ਗਏ।

ਸਾਰੇ ਦੇਸ਼ ਖਾਸ ਤੌਰ ਉੱਤੇ ਵਿਕਸਿਤ ਮੁਲਕ ਆਪਣੇ ਰੱਖਿਆ ਖਰਚਿਆਂ ਨੂੰ ਵਧਾ ਰਹੇ ਹਨ ਤੇ ਇਸ ਦੀ ਸ਼ੇਖੀ ਵੀ ਮਾਰਦੇ ਹਨ। ਜੇ ਦੁਨੀਆ ਦੇ ਦੇਸ਼ ਇਸ ਖਰਚੇ ਨੂੰ ਘਟਾ ਕੇ ਲੋਕ ਭਲਾਈ ਲਈ ਖਰਚਣ ਤਾਂ ਸੰਸਾਰ ਦਾ ਕਾਇਆਕਲਪ ਹੋ ਸਕਦਾ ਹੈ। ਦੁਨੀਆ ਸਵਰਗ ਬਣ ਸਕਦੀ ਹੈ। ਇੱਕ ਮੋਟੇ ਅਨੁਮਾਨ ਅਨੁਸਾਰ ਜੇ 'ਕੱਲਾ ਅਮਰੀਕਾ ਹੀ ਆਪਣੇ ਸਾਲਾਨਾ ਰੱਖਿਆ ਬਜਟ ਵਿੱਚ ਕੁਝ ਫੀਸਦੀ ਦੀ ਕਟੌਤੀ ਕਰ ਦੇਵੇ ਤਾਂ ਸਾਰੀ ਦੁਨੀਆ ਦੀ ਗਰੀਬੀ ਦੂਰ ਕੀਤੀ ਜਾ ਸਕਦੀ ਹੈ, ਜਦ ਕਿ ਅਮਰੀਕਾ ਹਥਿਆਰ ਵੇਚ ਕੇ ਅਰਬਾਂ ਰੁਪਏ ਕਮਾਉਂਦਾ ਅਤੇ ਦੇਸ਼ਾਂ ਨੂੰ ਅੱਗ ਦੀ ਭੱਠੀ ਵਿੱਚ ਝੋਕਦਾ ਹੈ। ਜੇ ਦੁਨੀਆ ਮਿਲ ਕੇ ਇਹ ਫੈਸਲਾ ਕਰ ਲਵੇ ਕਿ ਕੋਈ ਦੇਸ਼ ਕਿਸੇ ਦੂਸਰੇ ਉੱਤੇ ਸੌ ਸਾਲਾਂ ਤੱਕ ਹਮਲਾ ਨਹੀਂ ਕਰੇਗਾ। ਭਾਵ ਦੁਨੀਆ ਦੇ ਦੇਸ਼ ਸੌ ਸਾਲਾਂ ਲਈ ਅਮਨ-ਸੰਧੀ ਕਰ ਲੈਣ ਤੇ ਅਹਿਦ ਲੈਣ ਕਿ ਕੇਵਲ ਸਮਾਜ ਉਸਾਰੀ ਅਤੇ ਲੋਕ ਭਲਾਈ ਦੇ ਕੰਮ ਹੀ ਕਰਾਂਗੇ ਤਾਂ ਕਿਆ ਨਜ਼ਾਰਾ ਬੱਝ ਜਾਵੇਗਾ।

ਦੁਨੀਆ ਵਿੱਚ ਕਿੰਨਾ ਖੂਬਸੂਰਤ, ਉਹ ਦਿਨ ਹੋਵੇਗਾ ਜਦੋਂ ਦੁਸ਼ਮਣ ਦੇ ਹੱਥਾਂ ਵਿੱਚ ਖੰਜਰ ਦੀ ਥਾਂ ਫੁੱਲ ਹੋਵੇਗਾ। ਇਹ ਦੁਨੀਆ ਕੇਵਲ ਪਿਆਰ ਅਤੇ ਪ੍ਰੇਮ ਦੀ ਖੇਡ ਹੋਣੀ ਚਾਹੀਦੀ ਹੈ। ਮਹਿਕਾਂ ਬਿਖੇਰਨ ਦੇ ਸੰਕਲਪ ਲੈਣੇ ਚਾਹੀਦੇ ਹਨ। ਦੁੱਖਾਂ ਨੂੰ ਦੂਰ ਕਰ ਕੇ ਫੁੱਲਾਂ ਵਾਂਗ ਮਹਿਕਦੇ ਚਿਹਰਿਆਂ ਦੀ ਸਲਾਮਤੀ ਲਈ ਦੁਆ ਕਰਨੀ ਚਾਹੀਦੀ ਹੈ।

ਕੁਝ ਲੋਕ ਇਸ ਧਰਤੀ ਵਿੱਚ ਬਾਰੂਦ ਬੀਜਦੇ ਨੇ! ਮੈਂ ਕੇਵਲ ਫੁੱਲ ਤੇ ਫਸਲ ਬੀਜਣ ਦੇ ਸੁਫਨੇ ਲੈਂਦਾ ਹਾਂ! ਮੈਂ ਹਵਾਵਾਂ ਵਿੱਚ ਮਹਿਕ ਘੁਲੀ ਵੇਖਣਾ ਚਾਹੁੰਦਾ ਹਾਂ! ਮੈਂ ਚਾਹੁੰਦਾ ਹਾਂ ਕਿ ਟਿਕੀ ਰਾਤ ਨੂੰ ਚੰਨ ਦੇ ਸ਼ੀਸ਼ੇ ਵਿੱਚੋਂ ਆਪਣੀ ਮਹਿਬੂਬਾ ਦਾ ਪਿਆਰਾ ਅਕਸ ਤੱਕਾਂ/ਤਾਰੇ ਮੇਰਾ ਮਨਪਸੰਦ ਗੀਤ ਗਾਉਣ! ਸੂਰਜ ਪੂਰੇ ਜਲੌਅ ਵਿੱਚ ਆਵੇ ਤੇ ਹਨੇਰੇ ਨੂੰ ਆਖੇ/ਤੂੰ ਆ! ਮੇਰੇ, ਸਾਹਮਣੇ ਆ। ਤੂੰ ਖੰਦਕਾਂ ਵਿੱਚ ਛੁਪਦਾ ਕਿਉਂ ਹੈਂ? ਖੇਤਾਂ ਵਿੱਚ ਲਹਿਲਹਾਉਂਦੀਆਂ ਫਸਲਾਂਜਦੋਂ ਗੁਣਗੁਣਾਉਂਦੀਆਂ ਹਨ ਤਾਂ ਮੈਨੂੰ ਲੱਗਦਾ ਹੈ/ਧਰਤੀ ਵਿੱਚ ਬਾਰੂਦ ਬੀਜਣ ਬਾਰੇ ਸੋਚਣਾ ਨਿਰੀ ਮੂਰਖਤਾ ਹੈ।

ਕੁਦਰਤ ਨੇ ਮਨੁੱਖ ਜਾਤੀ ਨੂੰ ਇਹ ਧਰਤੀ, ਚੰਨ-ਸਿਤਾਰੇ, ਹਵਾ, ਪਾਣੀ, ਆਕਾਸ਼ ਅਤੇ ਆਕਾਸ਼ ਉੱਤੇ ਸਤਰੰਗੀ ਪੀਂਘ ਝੂਟਦੇ ਬੱਦਲ ਅਤੇ ਬੱਦਲਾਂ ਦੀਆਂ ਅਠਖੇਲੀਆਂ ਮੁਫਤ ਵਿੱਚ, ਤੋਹਫੇ ਵਿੱਚ ਦਿੱਤੇਸਨ, ਪਰ ਉਸ ਨੇ ਆਪਣੀਆਂ ਨਲਾਇਕੀਆਂ ਤੇਲਾਲਚੀ ਸੋਚ ਸਦਕਾ ਇਨ੍ਹਾਂ ਕੁਦਰਤੀ ਤੋਹਫਿਆਂ ਦਾ ਬੁਰਾ ਹਾਲ ਕਰ ਦਿੱਤਾ ਅਤੇ ਅਜੇ ਵੀ ਕਰ ਰਿਹਾ ਹੈ। ਜੇ ਸਿਲਸਿਲਾ ਏਦਾਂ ਹੀ ਜਾਰੀ ਰਿਹਾ ਤਾਂ ਇਹ ਧਰਤੀ ਮਨੁੱਖ ਦੇ ਰਹਿਣ ਯੋਗ ਨਹੀਂ ਰਹੇਗੀ। ਬੰਬਾਂ ਦੀ ਦੁਰਗੰਧ ਫੁੱਲਾਂ ਦੀ ਮਹਿਕ ਦਾ ਦਮਘੁੱਟ ਦੇਵੇਗੀ। ਸ਼ੁੱਧ ਹਵਾ ਵੀ ਡੱਬਿਆਂ ਵਿੱਚ ਮੁੱਲ ਵਿਕਣ ਲੱਗੀ ਹੈ। ਦੁਨੀਆ ਵਿੱਚ ਸਭ ਤੋਂ ਸ਼ੁੱਧ ਹਵਾ ਨਿਊਜ਼ੀਲੈਂਡ ਦੀ ਮੰਨੀ ਗਈ ਹੈ। ਪਿਛਲੇ ਦੋ ਦਹਾਕਿਆਂ ਵਿੱਚ ਹਵਾ ਪ੍ਰਦੂਸ਼ਣ ਕਾਰਨ ਮੌਤਾਂ ਦੀ ਗਿਣਤੀ ਢਾਈ ਗੁਣਾ ਵਧੀ ਹੈ। ਕੇਵਲ 2014 ਵਿੱਚ ਦੁਨੀਆ ਵਿੱਚ ਕੋਈ 6.67 ਮਿਲੀਅਨ ਲੋਕ ਹਵਾ ਪ੍ਰਦੂਸ਼ਣ ਨਲ ਮਾਰੇ ਗਏ, 2019 ਦੇ ਵਰ੍ਹੇ ਵਿੱਚ ਭਾਰਤ ਵਿੱਚ ਹਰ ਚੌਥੀ ਮੌਤ ਵਾਧੂ ਪ੍ਰਦੂਸ਼ਣ ਨਾਲ ਹੋਈ ਮੰਨੀ ਗਈ। ਅਸੀਂ ਕਿੱਦਾਂ ਦੀ ਧਰਤੀ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਸੌਂਪ ਕੇ ਜਾਵਾਂਗੇ। ਸਾਡੇ ਬੱਚਿਆਂ ਦਾ ਭਵਿੱਖ ਕਿੰਨਾ ਅੰਧਕਾਰਮਈ ਹੋਵੇਗਾ। ਇਸ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ। ਅਜਿਹੇ ਡਰਾਉਣੇ, ਖੌਫਨਾਕ ਅਤੇ ਹੌਲਨਾਕ ਭਵਿੱਖ ਦੀ ਆਮਦ ਨੂੰ ਰੋਕਣ ਲਈ ਆਓ, ਜੰਗ ਮੁਕਤ ਦੁਨੀਆ ਦਾ ਸੁਫਨਾ ਸਿਰਜੀਏ! ਦੁਨੀਆ ਵਿੱਚ ਪਾਈਆਂ ਜਾ ਰਹੀਆਂ ਵੰਡੀਆਂ ਅਤੇ ਵੱਟਾਂ ਨੂੰ ਸਮਾਪਤ ਕਰ ਕੇ ਸਮੁੱਚੀ ਮਨੁੱਖ ਜਾਤੀ ਦੇ ਕਲਿਆਣ ਤੇ ਉਥਾਨ ਲਈ ਹੰਭਲੇ ਮਾਰੀਏ!

ਆਓ! ਦੁਨੀਆ ਦੇ ਸਾਰੇ ਹਥਿਆਰਾਂ ਨੂੰ ਦੱਬ ਆਈਏ ਸਮੁੰਦਰ ਦੀ ਤਹਿ ਥੱਲੇ ਆਓ! ਲਿਖ ਦੇਈਏ ਹਰ ਚਿਹਰੇ ਉੱਤੇ ਖੁਸ਼ੀ ਦਾ ਨਾਂ, ਚਾਵਾਂ ਦੀ ਇਬਾਰਤ ਤੇ ਸੁਨਹਿਰੀ ਭਵਿੱਖ ਦਾ ਸੁਫਨਾ! ਬਹੁਤ ਹੋ ਚੁੱਕਿਆ ਹੈ ਅਜਾਈਂ ਸੱਧਰਾਂ ਦਾ ਦਮਨ, ਆਓ! ਤੇ ਹਰ ਨੰਨ੍ਹੇ ਫੁੱਲ ਦੇ ਬੁੱਲ੍ਹਾਂ ਉੱਤੇ ਲੈ ਆਈਏ ਮਿਸ਼ਰੀ ਵਰਗੀ ਹਾਸੀ। ਹਰ ਮੁਟਿਆਰ ਲਈ ਚਾਵਾਂ ਦੀਆਂ ਝਾਂਜਰਾਂ ਤੇ ਗੱਭਰੂ ਲਈ ਸੰਧੂਰੀ ਪੱਗ ਦਾ ਚਾਅ!

ਦੁਨੀਆ ਦਾ ਸਾਰਾ ਖੇਲ ਵਿਚਾਰਾਂ ਤੇ ਸੰਕਲਪਾਂ ਦਾ ਹੀ ਹੈ। ਮਨੁੱਖ ਨੂੰ ਹਮੇਸ਼ਾ ਆਪਣੇ ਵਿਚਾਰ ਅਤੇ ਸੰਕਲਪ ਉਚੇ, ਸੁੱਚੇ, ਮਹਾਨ ਤੇ ਮਾਨਵ-ਹਿੱਤਕਾਰੀ ਰੱਖਣੇ ਚਾਹੀਦੇ ਹਨ। ਵਿਚਰਾਂ ਨੂੰ ਦੁਨੀਆ ਦੀ ਸਭ ਤੋਂ ਵੱਡੀ ਸ਼ਕਤੀ ਮੰਨਿਆ ਗਿਆ ਹੈ। ਵਿਚਾਰਾਂ ਨਾਲ ਹੀ ਦੁਨੀਆ ਬਦਲ ਸਕਦੀ ਹੈ। ਆਓ! ਅਹਿਦ ਕਰੀਏ ਕਿ ਇਹ ਖੂਬਸੂਰਤ ਦੁਨੀਆ ਜੰਗ-ਮੁਕਤ ਹੋਵੇ। ਭੈਅ-ਮੁਕਤ ਹੋਵੇ, ਵੰਡੀਆਂ ਤੇ ਵਿਤਕਰਿਆਂ ਤੋਂ ਮੁਕਤ ਹੋਵੇ। ਦੁੱਖਾਂ ਤੇ ਦੁਖਾਂਤਾਂ ਤੋਂ ਮੁਕਤ ਹੋਵੇ।

ਮੈਂ ਆਪਣੀਆਂ ਕਵਿਤਾਵਾਂ ਨਾਲ/ਦੁਨੀਆ ਵਿੱਚ ਏਨੀ ਮਹਿਕ ਭਰ ਦੇਵਾਂਗਾ/ਕਿ ਜੰਗਬਾਜ਼ਾਂ ਦੇ ਬਾਰੂਦ ਦੇ ਧੂੰਏਂ ਵਾਸਤੇ/ਜਗ੍ਹਾ ਹੀ ਨਹੀਂ ਬਚੇਗੀ ਇਸ ਪਿਆਰੀ ਦੁਨੀਆ ਵਿੱਚ!

## ਕੈਨੇਡਾ ਤੋਂ ਪਰਤੇ ਇਕਲੌਤੇ ਪੁੱਤਰ ਦਾ ਗੋਲੀਆਂ ਮਾਰ ਕੇ ਕਤਲ



ਤਰਨਤਾਰਨ, 25 ਅਪ੍ਰੈਲ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਸੁਹਾਵਾ ਵਿੱਚਗੁਰਸੇਵਕ ਸਿੰਘ ਦੇ 25 ਸਾਲਾ ਇਕਲੌਤੇ ਪੁੱਤਰ ਦਾ ਕੱਲ੍ਹ ਰਾਤ ਮੋਟਰਸਾਈਕਲ ਸਵਾਰ ਬੰਦਿਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਗੁਰਸੇਵਕ ਸਿੰਘ ਦਾ ਲੜਕਾ ਜਤਿੰਦਰਪਾਲ ਸਿੰਘ ਕੈਨੇਡਾ ਗਿਆ ਸੀ ਅਤੇਬੀਤੀ 16 ਅਪ੍ਰੈਲ ਨੂੰ ਵਾਪਸ ਆਇਆ ਸੀ।ਉਹ ਅੰਮ੍ਰਿਤਪਾਲ ਸਿੰਘ,ਜਸਲੀਨ ਸਿੰਘ, ਜੁਨੇਜਪਾਲ ਸਿੰਘ ਤੇ ਗੁਰਜੀਤ ਸਿੰਘ ਨਾਲ ਕੱਲ੍ਹ ਸਕਾਰਪੀਉ ਗੱਡੀ ਉੱਤੇ ਰਾਤ ਨੂੰ ਖਾਣਾ ਖਾਣ ਲਈ ਤਰਨਤਾਰਨ ਗਿਆ ਸੀ। ਜਦ ਰਾਤ ਕਰੀਬ 11.30 ਸਬਵੇਅ ਮੇਨ ਹਾਈਵੇ ਤੋਂ ਖਾਣਾ ਖਾ ਕੇ ਚੌਕ ਬੋਹੜੀ ਤੋਂ ਗਗਨ ਸਵੀਟ ਕੋਲੋਂ ਲੰਘ ਰਹੇ ਸੀ ਤਾਂ ਕਿਸੇ ਅਣਪਛਾਤੇ ਨੌਜਵਾਨ ਨੇ ਗੱਡੀ ਉਪਰ ਫ਼ਾਇਰ ਕੀਤੇ, ਜੋ ਜਤਿੰਦਰਪਾਲ ਸਿੰਘ ਦੀ ਖੱਬੀ ਵੱਖੀ ਵਿੱਚ ਲੱਗੇ। ਜ਼ਖਮੀ ਹਾਲਤ ਵਿੱਚ ਜਤਿੰਦਰਪਾਲ ਨੂੰ ਗੁਰੂ ਨਾਨਕ ਦੇਵ ਸਪੈਸ਼ਲਟੀ ਹਸਪਤਾਲ ਵਿਖੇ ਲਿਜਾਇਆ ਗਿਆ, ਪਰ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ। ਪੁਲਸ ਨੇਘਟਨਾ ਸਥਾਨ ਨੇੜੇ ਦੇ ਸੀ ਸੀ ਟੀ ਵੀ ਕੈਮਰੇ ਵੇਖੇ ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ।

# ਜੀ ਬੀ ਪੀ ਗਰੁੱਪ ਦੇ ਖਿਲਾਫ 50 ਕੇਸਾਂ ਵਿੱਚ 158 ਸ਼ਿਕਾਇਤਾਂ ਦਰਜ

### * 2500 ਅਲਾਟੀਆਂ ਨਾਲ 1500 ਕਰੋੜ ਰੁਪਏ ਦੀ ਧੋਖਾਧੜੀ

ਐਸ ਏ ਐਸ ਨਗਰ, 25 ਅਪ੍ਰੈਲ (ਪੋਸਟ ਬਿਊਰੋ)- ਗੁਪਤਾ ਬਿਲਡਰਜ਼ ਐਂਡ ਪ੍ਰਮੋਟਰ ਪ੍ਰਾਈਵੇਟ ਲਿਮਟਿਡ (ਜੀ ਬੀ ਪੀ) ਗਰੁੱਪ ਦਾ ਮੈਨੇਜਰ ਦੇਸ਼ ਛੱਡ ਕੇ ਭੱਜਣ ਦੇ ਸੱਤ ਮਹੀਨਿਆਂ ਬਾਅਦ ਪੁਲਸ ਹਰਕਤ ਵਿੱਚ ਆਈ ਹੈ।




ਮਿਲੀ ਜਾਣਕਾਰੀ ਅਨੁਸਾਰ ਜੀ ਬੀ ਪੀ ਗਰੁੱਪ ਨੇ ਮੋਹਾਲੀ ਵਿੱਚ ਵੱਖ-ਵੱਖ ਪ੍ਰੋਜੈਕਟਾਂ ਵਿੱਚ 2500 ਅਲਾਟੀਆਂ ਦਾ ਕਬਜ਼ਾ ਨਾ ਦਿਵਾਉਣ ਲਈ 1500 ਕਰੋੜ ਰੁਪਏ ਦੇ ਕਰੀਬ ਧੋਖਾਧੜੀ ਕੀਤੀ ਹੈ। ਜ਼ਿਲ੍ਹਾ ਪੁਲਸ ਨੂੰ ਇਸ ਗਰੁੱਪ ਦੇ ਪ੍ਰਬੰਧਕਾਂ ਖਿਲਾਫ 158 ਦੇ ਕਰੀਬ ਸ਼ਿਕਾਇਤਾਂ ਮਿਲੀਆਂ ਹਨਤੇ ਇਸ ਗਰੁੱਪ ਦੇ ਤਿੰਨ ਡਾਇਰੈਕਟਰਾਂ ਸਤੀਸ਼ ਗੁਪਤਾ, ਰਮਨ ਗੁਪਤਾ ਤੇ ਪ੍ਰਦੀਪ ਗੁਪਤਾ ਖਿਲਾਫ ਮੋਹਾਲੀ ਤੇ ਚੰਡੀਗੜ੍ਹ ਵਿੱਚ ਕਰੀਬ ਪੰਜਾਹ ਕੇਸ ਦਰਜ ਹਨ। ਕੱਲ੍ਹ ਚੰਡੀਗੜ੍ਹ ਦੇ ਸੈਕਟਰ-34 ਦੇ ਥਾਣੇ ਵਿੱਚ ਤਿੰਨ ਡਾਇਰੈਕਟਰਾਂ ਖਿਲਾਫ ਛੇ ਨਵੇਂ ਕੇਸ ਦਰਜ ਕੀਤੇ ਗਏ ਹਨ।

ਇਸ ਬਾਰੇ ਮੋਹਾਲੀ ਦੇ ਐਸ ਐਸ ਪੀ ਨੇ ਦਸਿਆ ਕਿ ਨਿਵੇਸ਼ਕਾਂ ਤੋਂ ਰੋਜ਼ ਸ਼ਿਕਾਇਤਾਂ ਮਿਲ ਰਹੀਆਂ ਹਨ ਅਤੇ ਸਾਰੀਆਂ ਸ਼ਿਕਾਇਤਾਂ ਨੂੰ ਇੱਕੋਕੇਸ ਵਿੱਚ ਦਰਜ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਲਈ ਇੱਕ ਟੀਮ ਬਣਾਈ ਜਾਵੇਗੀ ਅਤੇ ਰੈਡ ਕਾਰਨਰ ਨੋਟਿਸ ਜਾਰੀ ਕਰਨ ਦੀ ਤਿਆਰੀ ਹੈ, ਜਿਸ ਦਾ ਮਤਲਬ ਹੈ ਕਿ ਇਨ੍ਹਾਂ ਲੋਕਾਂ ਨੂੰ ਦੁਬਈ ਤੋਂ ਫੜਨ ਲਈ ਇੰਟਰਪੋਲ ਨੂੰ ਲੋਕਲ ਅਧਿਕਾਰੀਆਂ ਦੀ ਮਦਦ ਕਰਨੀ ਚਾਹੀਦੀ ਹੈ। ਪਿਛਲੇ ਸਾਲ ਸਤੰਬਰ ਵਿੱਚ ਗਰੁੱਪ ਦੇ ਇਹ ਡਾਇਰੈਕਟਰ ਬਿਜ਼ਨਸ ਵੀਜ਼ੇ ਉੱਤੇ ਦੁਬਈ ਜਾ ਕੇ ਉਥੋਂ ਖਿਸਕ ਗਏ ਸਨ। ਵੀਜ਼ੇ ਦੀ ਮਿਆਦ ਨੌਂ ਸਤੰਬਰ 2024 ਨੂੰ ਖਤਮ ਹੋ ਜਾਵੇਗੀ। ਜੀ ਬੀ ਪੀ ਗਰੁੱਪ ਦੇ ਮੋਹਾਲੀ ਅਤੇ ਇਸ ਦੇ ਆਲੇ ਦੁਆਲੇ ਦੇ ਸਾਰੇ ਦਫਤਰਾਂ ਨੂੰ ਤਾਲੇ ਲੱਗੇ ਹੋਏ ਹਨ। ਉਨ੍ਹਾਂ ਦੀ ਫਰਮ ਦੇ ਮੋਹਾਲੀ ਵਿੱਚ ਕਈ ਪ੍ਰੋਜੈਕਟ ਚੱਲਦੇ ਹਨ। ਇਨ੍ਹਾਂ ਵਿੱਚ ਖਰੜ ਵਿੱਚ ਰਿਹਾਇਸ਼ ਅਤੇ ਵਪਾਰਕ ਯੂਨਿਟਾਂ ਦੀ ਪੇਸ਼ਕਸ਼ ਕਰਦੀ ਕੈਮੇਲਿਆ, ਜ਼ੀਰਕਪੁਰ ਵਿੱਚ ਜੀ ਬੀ ਪੀ, ਸੈਂਟਰਮ ਰਿਹਾਇਸ਼ 2016 ਤੋਂ ਉਸਾਰੀ ਅਧੀਨ ਹੈ ਜਿਸ ਦੇ ਇੱਕ ਵੀ ਅਲਾਟੀ ਨੂੰ ਕਬਜ਼ਾ ਨਹੀਂ ਦਿੱਤਾ ਗਿਆ। ਏਅਰਪੋਰਟ ਰੋਡ ਉੱਤੇ ਦੋ ਪ੍ਰੋਜੈਕਟ ਐਥਨਜ਼ (ਵਪਾਰਕ ਤੇ ਰਿਹਾਇਸ਼ੀ) ਅਤੇ ਈਰੋਜ (ਰਿਹਾਇਸ਼ੀ) ਬਣਨੇ ਹਨ, ਪਰ ਦੋਵਾਂ ਥਾਵਾਂ ਉੱਤੇ ਉਸਾਰੀ ਕਈ ਸਾਲਾਂ ਤੋਂ ਰੁਕੀ ਹੋਈ ਹੈ ਅਤੇ ਨਿਊ ਚੰਡੀਗੜ੍ਹ ਦੀ ਰਿਹਾਇਸ਼ੀ ਕਾਲੋਨੀ, ਜਿੱਥੇ ਪਲਾਟ ਵੇਚੇ ਗਏ ਹਨ, ਦੀ ਉਸਾਰੀ ਹਾਲੇ ਸ਼ੁਰੂ ਨਹੀਂ ਹੋਈ। ਇਨ੍ਹਾਂ ਸਭ ਪ੍ਰੋਜੈਕਟਾਂ ਉੱਤੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਦੇ 2500 ਤੋਂ ਵੱਧ ਨਿਵੇਸ਼ਕਾਂ ਦੇ ਲਗਭਗ 1500 ਕਰੋੜ ਫਸੇ ਹੋਏ ਸੁਣੀਂਦੇ ਹਨ।ਘਰ ਖਰੀਦਦਾਰ ਤੇ ਨਿਵੇਸ਼ਕ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਆਸ਼ੂ ਕੁਮਾਰ ਨੇ ਕਿਹਾ ਕਿ ਸਾਰੇ ਨਿਵੇਸ਼ਕ ਪੈਸੇ ਵਾਪਸ ਦੇਣ ਜਾਂ ਕਬਜ਼ਾ ਲੈਣ ਬਾਰੇ ਜ਼ੋਰ ਪਾ ਰਹੇ ਹਨ ਜਿਸ ਦਾ ਹੱਲ ਹੋਣਾ ਬਾਕੀ ਹੈ। ਬਿਲਡਰਾਂ ਦੇ ਟਿਕਾਣਿਆਂ ਤੋਂ ਲੋਕ ਨਿਰਮਾਣ ਸਮੱਗਰੀ ਚੋਰੀ ਕਰ ਚੁੱਕੇ ਹਨ, ਪਰ ਪੁਲਸ ਕੁਝ ਨਹੀਂ ਕਰ ਸਕੀ।

# ਜਲੰਧਰ ਇੰਪਰੂਵਮੈਂਟ ਟਰੱਸਟ ਦੀਆਂ ਫਾਈਲਾਂ ਗੁੰਮ

### * ਅਫਸਰਾਂ ਤੇ ਸਟਾਫ ਉਤੇ ਕੇਸ ਦਰਜ ਕਰਵਾਉਣ ਦੇ ਹੁਕਮ

ਜਲੰਧਰ, 25 ਅਪ੍ਰੈਲ (ਪੋਸਟ ਬਿਊਰੋ)- ਇੰਪਰੂਵਮੈਂਟ ਟਰੱਸਟ ਜਲੰਧਰ ਦੀਆਂ ਫਾਈਲਾਂ ਗੁੰਮ ਹੋਣ ਦੇ ਮਾਮਲੇ ਵਿੱਚ ਡਾਇਰੈਕਟਰ ਲੋਕਲ ਬਾਡੀਜ਼ ਨੇ ਟਰੱਸਟ ਦੇ ਈ ਓ ਨੂੰ ਹੁਕਮ ਦਿੱਤਾ ਹੈ ਕਿ ਜ਼ਿੰਮੇਵਾਰ ਅਫਸਰਾਂ ਅਤੇ ਮੁਲਾਜ਼ਮਾਂ ਵਿਰੁੱਧ ਕੇਸ ਦਰਜ ਕਰਵਾਇਆ ਜਾਏ। ਇਸ ਮਾਮਲੇ ਵਿੱਚ ਈ ਓ ਪਰਮਿੰਦਰ ਸਿੰਘ ਗਿੱਲ ਨੇ 11 ਅਪ੍ਰੈਲ ਨੂੰ ਲੋਕਲ ਬਾਡੀਜ਼ ਦੇ ਡਾਇਰੈਕਟਰ ਨੂੰ ਪੱਤਰ ਲਿਖਿਆ ਸੀ।ਇਸ ਦੇ ਬਾਅਦ ਕਈ ਗੱਲਾਂ ਬਾਰੇ ਡਿਪਟੀ ਕਮਿਸ਼ਨਰ ਅਤੇ ਟਰੱਸਟ ਦੇ ਪ੍ਰਸ਼ਾਸਕ ਘਨਸ਼ਾਮ ਥੋਰੀ ਨੇ ਈ ਓ ਪਰਮਿੰਦਰ ਸਿੰਘ ਗਿੱਲ ਨੂੰ ਸਸਪੈਂਡ ਕਰਨ ਲਈ ਪੰਜਾਬ ਸਰਕਾਰ ਦੇ ਪ੍ਰਿੰਸੀਪਲ ਸੈਕਟਰੀ ਨੂੰ ਪੱਤਰ ਲਿਖਿਆ ਸੀ। ਇਸ ਉੱਤੇ ਅਜੇ ਸਰਕਾਰ ਨੇ ਕਾਰਵਾਈ ਕਰਨੀ ਹੈ।

ਜਾਣਕਾਰ ਦੱਸਦੇ ਹਨ ਕਿ ਇਸ ਮਮਲੇ ਵਿੱਚ ਈ ਓ ਉੱਤੇ ਗਾਜ ਡਿੱਗ ਸਕਦੀ ਹੈ, ਪਰ ਸਾਹਮਣੇ ਆ ਰਿਹਾ ਹੈ ਕਿ ਈ ਓ ਗਿੱਲ ਨੇ 11 ਅਪ੍ਰੈਲ ਨੂੰ ਲੋਕਲ ਬਾਡੀਜ਼ ਡਿਪਾਰਟਮੈਂਟ ਨੂੰ ਪੱਤਰ ਲਿਖ ਕੇ ਫਾਈਲਾਂ ਦੀ ਗੁੰਮਸ਼ੁਦਗੀ ਦਾ ਮਾਮਲਾ ਰੱਖਿਆ ਅਤੇ ਇਸ ਵਿੱਚ ਨਿਰਦੇਸ਼ ਮੰਗੇ ਸਨ ਕਿ ਕੀ ਕਾਰਵਾਈ ਕੀਤੀ ਜਾਏ। ਇਸ ਕੇਸ ਵਿੱਚ 14 ਅਪ੍ਰੈਲ ਨੂੰ ਹੁਕਮ ਦੇ ਦਿੱਤੇ ਗਏ ਸਨ ਕਿ ਜ਼ਿੰਮੇਵਾਰ ਅਧਿਕਾਰੀਆਂ ਤੇ ਮੁਲਾਜ਼ਮਾਂ ਉੱਤੇ ਕਾਰਵਾਈ ਹੋਣੀ ਚਾਹੀਦੀ ਹੈ, ਪਰ ਲਿਖਤੀ ਹੁਕਮ 18 ਅਪਰੈਲ ਨੂੰ ਜਾਰੀ ਕੀਤੇ ਗਏ ਹਨ। ਟਰੱਸਟ ਦਫਤਰ ਤੋਂ ਪਲਾਟਾਂ ਦੀ ਅਲਾਟਮੈਂਟ, ਐਲ ਡੀ ਪੀ ਕੋਟੇ ਦੇ ਪਲਾਟਾਂ ਸਮੇਤ ਕਈ ਕੇਸਾਂ ਦੀਆਂ ਫਾਈਲਾਂ ਗਾਇਬ ਹਨ। ਚਰਚਾ ਹੈ ਕਿ ਗੁੰਮ ਹੋਈਆਂ ਫਾਈਲਾਂ ਦੇ ਪਿੱਛੇ ਕੋਈ ਵੱਡਾ ਘੋਟਾਲਾ ਹੋ ਸਕਦਾ ਹੈ।ਟਰੱਸਟ ਵਿੱਚ ਲੋਕਲ ਬਾਡੀਜ਼ ਡਿਪਾਰਟਮੈਂਟ ਦੇ ਸੀ ਵੀ ਓ ਨੇ ਵੀ ਛਾਪਾ-ਮਾਰ ਕੇ ਕਈ ਫਾਈਲਾਂ ਜ਼ਬਤ ਕੀਤੀਆਂ ਹਨ। ਸੀ ਵੀ ਓ ਦੇ ਇਸ ਛਾਪੀ ਜਾਂਚ ਰਿਪੋਰਟ ਅਜੇ ਆਉਣੀ ਹੈ।

## ਮੋਸਟ ਵਾਂਟਿਡ ਖਾੜਕੂ ਚਰਨਜੀਤ ਪਟਿਆਲਵੀ ਗ੍ਰਿਫਤਾਰ




ਚੰਡੀਗੜ੍ਹ, 25 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐਫ) ਨੇ ਕੱਲ੍ਹ ਮੋਸਟ ਵਾਂਟਿਡ ਖਾੜਕੂ ਅਤੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀ ਕੇ ਆਈ) ਦੇ ਸਰਗਰਮ ਮੈਂਬਰ ਚਰਨਜੀਤ ਸਿੰਘ ਪਟਿਆਲਵੀ ਨੂੰ ਗ੍ਰਿਫਤਾਰ ਕੀਤਾ ਹੈ। ਚਰਨਜੀਤ ਪਟਿਆਲਵੀ 12 ਸਾਲਾਂ ਤੋਂ ਵੱਖ-ਵੱਖ ਪਛਾਣ ਅਤੇ ਛੁਪਣਗਾਹਾਂ ਉੱਤੇ ਰਹਿ ਕੇ ਗ੍ਰਿਫਤਾਰੀ ਤੋਂ ਬਚਦਾ ਆ ਰਿਹਾ ਹੈ, ਪਰ ਆਖਰ ਫੜਿਆ ਗਿਆ ਹੈ।

ਡੀ ਆਈ ਜੀ (ਏ ਜੀ ਟੀ ਐਫ) ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪਟਿਆਲੇ ਦੇ ਪਿੰਡ ਬੂਟਾ ਸਿੰਘ ਵਾਲਾ ਦੇ ਵਾਸੀ ਚਰਨਜੀਤ ਪਟਿਆਲਵੀ ਨੂੰ ਥਾਣਾ ਮਾਛੀਵਾੜਾ ਵਿੱਚ ਐਕਸਪਲੋਸਿਵ ਐਕਟ ਦੀ ਧਾਰਾ 4/5 ਅਤੇ ਗੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀ ਧਾਰਾ 17/18/20 ਅਧੀਨ 23 ਜੁਲਾਈ 2010 ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ।ਪੁਲਸ ਟੀਮਾਂ ਨੇ ਪਟਿਆਲਵੀ ਨੂੰ ਡੇਰਾਬੱਸੀ ਦੇ ਪਿੰਡ ਲਾਲੀ ਦੇ ਗੁਰ-ਦੁਆਰਾ ਸਾਹਿਬ ਨੇੜਿਓਂ ਗ੍ਰਿਫਤਾਰ ਕੀਤਾ। ਭੁੱਲਰ ਨੇ ਦੱਸਿਆ ਕਿ ਪਟਿਆਲਵੀ ਗ੍ਰੰਥੀ ਦਾ ਭੇਸ ਬਣਾ ਕੇ ਪੱਛਮੀ ਬੰਗਾਲ ਦੇ ਖੜਗਪੁਰ ਦੇ ਗੁਰਦੁਆਰੇ ਵਿੱਚ ਰਹਿੰਦਾ ਸੀ ਅਤੇ ਕਿਸੇ ਸੰਚਾਰ ਸਾਧਨ ਦੀ ਵਰਤੋਂ ਨਹੀਂ ਸੀ ਕਰਦਾ। ਉਸ ਕੋਲੋਂ ਬੰਗਾਲ ਦੇ ਪਤੇ ਵਾਲੇ ਵੱਖ-ਵੱਖ ਪਛਾਣ ਪੱਤਰ ਬਰਾਮਦ ਕੀਤੇ ਗਏ ਹਨ। ਹੋਰ ਜਾਂਚ ਕੀਤੀ ਜਾ ਰਹੀ ਹੈ।ਪੁਲਸ ਅਨੁਸਾਰ ਪਟਿਆਲਵੀ ਬੱਬਰ ਖਾਲਸਾ ਇੰਟਰਨੈਸ਼ਨਲ (ਬੀ ਕੇ ਆਈ) ਦਾ ਸਰਗਰਮ ਮੈਂਬਰ ਸੀ। ਉਹ 2007 ਵਿੱਚ ਲੁਧਿਆਣਾ ਦੇ ਸ਼ਿੰਗਾਰ ਸਿਨੇਮਾ ਬੰਬ ਧਮਾਕਿਆਂ ਤੇ 2010 ਵਿੱਚ ਕਾਲੀ ਮਾਤਾ ਮੰਦਰ, ਪਟਿਆਲਾ ਤੇ ਅੰਬਾਲਾ ਵਿਖੇ ਹੋਏ ਬੰਬ ਧਮਾਕਿਆਂ ਦੀ ਸਾਜ਼ਿਸ਼ ਵਿੱਚ ਸ਼ਾਮਲ ਸੀ। ਪੰਜਾਬ ਪੁਲਸ ਨੇ 2010 ਵਿੱਚ ਪਟਿਆਲਾਵੀ ਦੇ ਬਾਕੀ ਸਾਰੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ।ਪਟਿਆਲਵੀ ਨੂੰ ਗ੍ਰਿਫਤਾਰੀ ਮਗਰੋਂ ਮਾਛੀਵਾੜਾ ਪੁਲਸ ਥਾਣੇ ਲਿਆਂਦਾ ਗਿਆ ਹੈ, ਜਿੱਥੇ ਉਸ ਤੋਂ ਪੁੱਛਗਿੱਛ ਕੀਤੀ ਜਾਵੇਗੀ। ਸਾਲ 2010 ਵਿੱਚ ਪਟਿਆਲਵੀ ਮਾਛੀਵਾੜਾ ਨੇੜੇ ਸਤਲੁਜ ਦਰਿਆ ਦੇ ਬੰਨ੍ਹ ਤੋਂ ਹੀ ਪੁਲਸ ਨੂੰ ਚਕਮਾ ਦੇ ਕੇ ਫਰਾਰ ਹੋਇਆ ਸੀ।

## ਮਤਰੇਏ ਮਾਮੇ ਨੇ ਭਾਣਜੇ ਦਾ ਕਤਲ ਕਰ ਕੇ ਲਾਸ਼ ਨਹਿਰ ਵਿੱਚ ਸੁੱਟੀ

ਮਲੋਟ, 25 ਅਪ੍ਰੈਲ (ਪੋਸਟ ਬਿਊਰੋ)- ਪੁਲਸ ਨੇ ਮਲੋਟ ਸ਼ਹਿਰ ਦੇ ਦਵਿੰਦਰਾ ਰੋਡ ਤੋਂ ਲਾਪਤਾ ਹੋਏ 13 ਸਾਲਾ ਸਮੀਤ ਕੁਮਾਰ ਦੀ ਗੁੱਥੀ ਸੁਲਝਾ ਲਈ ਹੈ। ਭਾਵੇਂ ਅਜੇ ਪੁਲਸ ਨੂੰ ਸੁਮੀਤ ਦੀ ਲਾਸ਼ ਨਹੀਂ ਮਿਲੀ ਪਰ ਸੁਮੀਤ ਨੂੰ ਉਸਦੇ ਮਤਰੇਏ ਮਾਮੇ ਨੇ ਪੈਸੇ ਖਾਤਰ ਕਤਲ ਕਰ ਕੇ ਲਾਸ਼ ਰਾਜਸਥਾਨ ਫ਼ੀਡਰਨਹਿਰ ਵਿੱਚ ਸੁੱਟਣ ਦਾ ਦੋਸ਼ ਮੰਨ ਲਿਆ ਹੈ।

ਡੀ ਐੱਸ ਪੀ ਮਲੋਟ ਨੇ ਦੱਸਿਆ ਕਿ ਸੁਮੀਤ ਕੁਮਾਰ ਦੇ 24 ਫਰਵਰੀ ਨੂੰ ਅਚਾਨਕ ਘਰੋਂ ਜਾਣ ਦੀ ਸ਼ਿਕਾਇਤ ਪਰਵਾਰ ਨੇ 26 ਫ਼ਰਵਰੀ ਦਰਜ ਕਰਵਾਈ ਸੀ। ਪੁਲਸ ਨੇ ਸ਼ੱਕ ਦੇ ਆਧਾਰ ਉੱਤੇ ਸੁਮੀਤ ਦੇ ਮਤਰੇਏ ਮਾਮੇ ਅਮਨਦੀਪ ਉਰਫ਼ ਸੂਰਜ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਤਾਂ ਉਸ ਨੇ ਸੁਮੀਤ ਦੇ ਕਤਲ ਦਾ ਗੁਨਾਹ ਮੰਨ ਲਿਆ। ਸੁਮੀਤ ਦੇ ਮਾਂ-ਬਾਪ ਦਾ ਆਪਸ ਵਿੱਚ ਤਲਾਕ ਹੋਇਆ ਅਤੇ ਸੁਮੀਤ ਦੇ ਪਿਤਾ ਨੇ ਦੂਜਾ ਵਿਆਹ ਕਰਵਾ ਲਿਆ ਸੀ ਅਤੇ ਸੁਮੀਤ ਆਪਣੇ ਪਿਤਾ ਤੇ ਮਤਰੇਈ ਮਾਂ ਕੋਲ ਰਹਿੰਦਾ ਸੀ। ਦੋਸ਼ੀ ਸੂਰਜ ਵੀ ਇਥੇ ਹੀ ਰਹਿੰਦਾ ਸੀ। ਉਸ ਨੇ ਪੁਲਸ ਕੋਲ ਮੰਨਿਆ ਉਸ ਨੇ ਲਾਲਚ ਵਿੱਚ ਆ ਕੇ ਸੁਮੀਤ ਨੂੰ ਨਹਿਰਉਤੇ ਲਿਜਾ ਕੇ ਸਿਰ ਵਿੱਚ ਇੱਟ ਮਾਰ ਕੇ ਰਾਜਸਥਾਨ ਫ਼ੀਡਰ ਨਹਿਰ ਵਿੱਚ ਸੁੱਟ ਦਿੱਤਾ ਸੀ, ਜਿਸ ਦਾ ਮਕਸਦ ਸੀ ਕਿ ਸੁਮੀਤ ਦੇ ਪਿਤਾ ਤੋਂ ਅਗ਼ਵਾ ਦਾ ਡਰਾਮਾ ਰਚ ਕੇ ਪੈਸੇ ਵਸੂਲਣਾ ਸੀ।

## ਪਤਨੀ ਤੇ ਬੱਚੀ ਨੂੰ ਅੱਗ ਲਾ ਕੇ ਮਾਰਨ ਵਾਲਾ ਆਂਧਰਾ ਪ੍ਰਦੇਸ਼ ਤੋਂ ਕਾਬੂ

ਫ਼ਤਹਿਗੜ੍ਹ ਸਾਹਿਬ, 25 ਅਪ੍ਰੈਲ (ਪੋਸਟ ਬਿਊਰੋ)- ਆਪਣੀ ਪਤਨੀ ਅਤੇ 10 ਮਹੀਨੇ ਦੀ ਮਾਸੂਮ ਬੱਚੀ ਨੂੰ ਪਟਰੌਲ ਪਾ ਕੇ ਅੱਗ ਨਾਲ ਸਾੜਕੇ ਮਾਰਨ ਵਾਲੇ ਪਤੀ ਨੂੰ ਪੁਲਸ ਨੇ ਆਂਧਰਾ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

ਐਸ ਐਸ ਪੀ ਨੇ ਦੱਸਿਆ ਕਿ ਜਸਵਿੰਦਰ ਸਿੰਘ ਬੰਟੀ ਦੀ ਕਰੀਬ ਚਾਰ ਸਾਲ ਪਹਿਲਾਂ ਮੋਨਿਕਾ ਨਾਲ ਲਵ ਮੈਰਿਜ ਹੋਈ ਸੀ, ਜਿਨ੍ਹਾਂ ਦੀ 10 ਮਹੀਨੇ ਦੀ ਬੱਚੀ ਨਿਸ਼ਾ ਸੀ। ਉਨ੍ਹਾਂ ਦੱਸਿਆ ਕਿ ਜਸਵਿੰਦਰ ਅਕਸਰ ਸ਼ਰਾਬ ਪੀ ਕੇ ਮੋਨਿਕਾ ਨਾਲ ਝਗੜਾ ਕਰਦਾ ਸੀ। 8 ਅਪ੍ਰੈਲ ਨੂੰ ਕਰੀਬ ਸਵੇਰੇ ਛੇ ਵਜੇ ਜਸਵਿੰਦਰ ਸਿੰਘ ਨੇ ਪਟਰੌਲ ਪਾ ਕੇ ਆਪਣੀ ਪਤਨੀ ਅਤੇ ਬੱਚੀ ਨੂੰ ਅੱਗ ਲਾ ਦਿੱਤੀ ਅਤੇ ਖ਼ੁਦ ਫ਼ਰਾਰ ਹੋ ਗਿਆ, ਜਿਸ ਪਿੱਛੋਂ ਜੇਰੇ ਇਲਾਜ਼ ਪਹਿਲਾਂ ਮੋਨਿਕਾ ਅਤੇ ਫਿਰ ਬੱਚੀ ਨਿਸ਼ਾ ਦੀ ਮੌਤ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਥਾਣਾ ਸਰਹਿੰਦ ਵਿੱਚ ਮਾਮਲਾ ਦਰਜ ਕਰ ਕੇ ਵੱਖ-ਵੱਖ ਟੀਮਾਂ ਬਣਾ ਕੇ ਜਸਵਿੰਦਰ ਸਿੰਘ ਦੀ ਭਾਲ ਸ਼ੁਰੂ ਕੀਤੀ ਗਈ ਤਾਂ 20 ਅਪ੍ਰੈਲ ਨੂੰ ਪੁਲਸ ਪਾਰਟੀ ਨੇ ਜਸਵਿੰਦਰ ਨੂੰ ਆਂਧਰਾ ਪ੍ਰਦੇਸ਼ ਤੋਂ ਥਾਣਾ ਓਰਵਾਕਲ ਜ਼ਿਲ੍ਹਾ ਕੂਰਨੂਲ ਦੀ ਲੋਕਲ ਪੁਲਸ ਦੀ ਮਦਦ ਨਾਲ ਗ੍ਰਿਫ਼ਤਾਰ ਕਰ ਲਿਆ।

## ਪੈਸਿਆਂ ਦੇ ਲੈਣ-ਦੇਣ ਤੋਂ ਦੁਖੀ ਆੜ੍ਹਤੀ ਵੱਲੋਂ ਆਤਮ-ਹੱਤਿਆ

ਤਰਨਤਾਰਨ, 25 ਅਪ੍ਰੈਲ (ਪੋਸਟ ਬਿਊਰੋ)- ਜ਼ਿਲ੍ਹਾ ਤਰਨਤਾਰਨ ਦੇ ਪਿੰਡ ਮਾਲਚੱਕ ਦੇ ਆੜ੍ਹਤੀ ਨੇ ਪੈਸਿਆਂ ਦੇ ਲੈਣ ਦੇਣ ਤੋਂ ਤੰਗ ਆ ਕੇ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ ਹੈ। ਇਸ ਬਾਰੇ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਚਾਰ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਬਿਕਰਮਜੀਤ ਸਿੰਘ ਪੁੱਤਰ ਬਲਦੇਵ ਸਿੰਘ ਪਿੰਡ ਮਾਲਚੱਕ ਨੇ ਦੱਸਿਆ ਕਿ ਉਸ ਦੇ ਪਿਤਾ ਬਲਦੇਵ ਸਿੰਘ (62 ਸਾਲ) ਆੜ੍ਹਤ ਦਾ ਕੰਮ ਕਰਦੇ ਸਨ। ਸਾਲ 2019-2022 ਝੋਨੇ ਦੇ ਸੀਜ਼ਨ ਵਿੱਚ ਬਲਦੇਵ ਸਿੰਘ ਨੇ 5100 ਬੋਰੀ ਝੋਨਾ ਅਜੇਪਾਲ ਸਿੰਘ ਦੇ ਸ਼ੈਲਰ ਵਿੱਚ ਸਟੋਰ ਕੀਤਾ, ਜਿਸ ਦੀ ਕੀਮਤ 25-26 ਲੱਖ ਰੁਪਏ ਬਣਦੀ ਸੀ ਅਤੇ ਅਜੇਪਾਲ ਸਿੰਘ ਅਤੇ ਕੁਲਬੀਰ ਸਿੰਘ ਨੇ ਇਹ ਝੋਨਾ ਅੱਗੇ ਵੇਚ ਦਿੱਤਾ,ਪਰ ਉਸ ਦੇ ਪਿਤਾ ਨੂੰ ਬਣਦੀ ਝੋਨੇ ਦੀ ਰਕਮ ਅਦਾ ਨਹੀਂ ਕੀਤੀਅਤੇ ਟਾਲ-ਮਟੋਲ ਕਰਦੇ ਰਹਿੰਦੇ ਸਨ। ਦੂਜੇ ਪਾਸੇ 23 ਅਪ੍ਰੈਲ ਨੂੰ ਦਿਲਮੇਘਸਿੰਘ ਅਤੇ ਨਰਿੰਦਰ ਸਿੰਘ ਉਸ ਦੇ ਘਰ ਆਏ ਅਤੇ ਉਸਦੇ ਪਿਤਾ ਤੋਂ 1 ਲੱਖ ਰੁਪਏ ਦੀ ਮੰਗ ਕੀਤੀ। ਇਨ੍ਹਾਂ ਵਿਅਕਤੀਆਂ ਨੇ ਉਸ ਦੇ ਪਿਤਾ ਨੂੰ ਜ਼ਲੀਲ ਕੀਤਾ। ਰਾਤ 10 ਵਜੇ ਉਸਦੇ ਪਿਤਾ ਨੇ ਜ਼ਹਿਰੀਲੀ ਚੀਜ਼ ਖਾ ਲਈ। ਇਸ ਉੱਤੇ ਉਸ ਨੇ ਆਪਣੇ ਪਿਤਾ ਨੂੰ ਫਤਿਆਬਾਦ ਵਿਖੇ ਹਸਪਤਾਲ ਵਿੱਚ ਦਾਖਲ ਕਰਾਇਆ, ਜਿੱਥੇ ਉਸ ਦੇ ਪਿਤਾ ਦੀ ਮੌਤ ਹੋ ਗਈ।ਮੁੱਦਈ ਦੇ ਬਿਆਨ ਉੱਤੇ ਅਜੇਪਾਲ ਸਿੰਘ ਪੁੱਤਰ ਕੁਲਬੀਰ ਸਿੰਘ, ਕੁਲਬੀਰ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਖਡੂਰ ਸਾਹਿਬ, ਦਿਲਮੇਗ ਸਿੰਘ ਪੁੱਤਰ ਨਰਿੰਦਰ ਸਿੰਘ ਅਤੇ ਨਰਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਮਥੇਰਵਾਲ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਅਫ਼ਗਾਨਿਸਤਾਨ ਤੋਂ ਪਾਕਿ ਦੇ ਰਸਤੇ ਆਈ 700 ਕਰੋੜ ਦੀ ਹੈਰੋਇਨ ਅਟਾਰੀ ਤੋਂ ਜ਼ਬਤ

ਅੰਮ੍ਰਿਤਸਰ, 25 ਅਪ੍ਰੈਲ (ਪੋਸਟ ਬਿਊਰੋ)- ਕਸਟਮ ਕਮਿਸ਼ਨਰੇਟ ਅੰਮ੍ਰਿਤਸਰ ਨੇ ਅਫ਼ਗਾਨਿਸਤਾਨ ਤੋਂ ਪਾਕਿਸਤਾਨ ਦੇ ਰਸਤੇ ਇੰਟੇਗ੍ਰੇਟਿਡ ਚੈਕ ਪੋਸਟ (ਆਈ ਸੀ ਪੀ) ਅਟਾਰੀ ਵਿਖੇ 17 ਹਜ਼ਾਰ ਕਿੱਲੋ ਮਲੱਠੀ ਦੀਆਂ 340 ਬੋਰੀਆਂ ਵਿੱਚ ਭੇਜੀ 102 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਵਿਭਾਗ ਮੁਤਾਬਕ ਇਸ ਦੀ ਕੀਮਤ ਕੌਮਾਂਤਰੀ ਬਾਜ਼ਾਰ ਵਿੱਚ ਲੱਗਭਗ 700 ਕਰੋੜ ਰੁਪਏ ਦੱਸੀ ਜਾ ਰਹੀ ਹੈ। ਮਲੱਠੀ ਦੀਆਂ ਸਾਰੀਆਂ ਬੋਰੀਆਂ ਦੀ ਜਾਂਚ ਕਰਨ ਵਿੱਚ ਕਸਟਮ ਵਿਭਾਦ ਨੂੰ 24 ਘੰਟੇ ਤੋਂ ਵੱਧ ਦਾ ਸਮਾਂ ਲੱਗਾ ਅਤੇ ਇਹ ਵੱਡੀ ਖੇਪ ਫੜੀ ਗਈ ਹੈ।



ਜਾਂਇੰਟ ਕਮਿਸ਼ਨਰ ਨੇ ਦੱਸਿਆ ਕਿ ਅਫ਼ਗਾਨਿਸਤਾਨ ਤੋਂ ਟਰੱਕਾਂ ਵਿੱਚ ਆਈ ਸੀ ਪੀ ਅਟਾਰੀ ਵਿਖੇ ਪਹੁੰਚੀਆਂ ਮਲੱਠੀ ਦੀਆਂ ਬੋਰੀਆਂ ਦੇ ਐਕਸ-ਰੇ ਕਰਨ ਉੱਤੇ ਉਨ੍ਹਾਂ ਵਿੱਚ ਕੋਈ ਸ਼ੱਕੀ ਵਸਤੂ ਵਿਖਾਈ ਦਿੱਤੀ। ਇਸ ਉੱਤੇ ਸਾਰੀਆਂ ਬੋਰੀਆਂ ਨੂੰ ਖੋਲ੍ਹ ਕੇ ਉਨ੍ਹਾਂ ਦੀ ਜਾਂਚ ਸ਼ੁਰੂ ਕੀਤੀ ਗਈ, ਜਿਸ ਦੌਰਾਨ ਲੱਕੜੀ ਦੇ ਲੱਗਭਗ 475 ਕਿੱਲੋ ਵਜ਼ਨੀ ਪੰਜ ਇੰਚ ਸਾਈਜ਼ ਦੇ ਟੁਕੜਿਆਂ ਦੀ ਜਾਂਚ ਕਰਨ ਉੱਤੇ ਉਨ੍ਹਾਂ ਦੇ ਅੰਦਰੋਂ ਹੈਰੋਇਨ ਦੀ ਇਹ ਖੇਪ ਬਰਾਮਦ ਹੋਈ। ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਇਸ ਕੇਸ ਵਿੱਚ ਸ਼ਾਮਲ ਲੋਕਾਂ ਨੇ ਨਾਂਅ ਅਤੇ ਪਛਾਣ ਦੱਸਣਹਾਲੇ ਇਨਕਾਰ ਕੀਤਾ ਹੈ, ਪਰ ਸੂਤਰਾਂ ਅਨੁਸਾਰ ਇਹ ਮਲੱਠੀ ਅਫ਼ਗਾਨਿਸਤਾਨ ਦੇ ਸ਼ਹਿਰ ਮਜ਼ਾਰ-ਏ-ਸ਼ਰੀਫ਼ ਤੋਂ ਅਲੀਮ ਨਜ਼ੀਰ ਅਨਸਾਰੀ ਲਿਮਟਿਡ ਕੰਪਨੀ ਨੇ ਦਿੱਲੀ ਭੇਜੀ ਸੀ। ਇਸ ਨੂੰ ਟਰੱਕ ਡਰਾਈਵਰ ਕਯੂਮ ਉਲਾ ਪੁੱਤਰ ਮੁਹੰਮਦ ਨਸੀਮ ਵਾਸੀ ਸ਼ਿਨਵਾਰੀ ਕੁਹਾਟ ਨੇ ਆਈ ਸੀ ਪੀ ਵਿਖੇ ਪਹੁੰਚਾਇਆ। ਇਹ ਸਾਰੀ ਮਲੱਠੀ ਸ੍ਰੀ ਬਾਲਾਜੀ ਟ੍ਰੇਡਿੰਗ ਕੰਪਨੀ ਦਿੱਲੀ ਨੂੰ ਅੰਮ੍ਰਿਤਸਰ ਦੀ ਮਜੀਠਾ ਮੰਡੀ ਦੇ ਕਸਟਮ ਹਾਊਸ ਏਜੰਟ ਵੱਲੋਂ ਭੇਜੀ ਜਾਣੀ ਸੀ। ਅਫਸਰਾਂ ਨੇ ਦੱਸਿਆ ਕਿ ਆਈ ਸੀ ਪੀ ਵਿਖੇ ਜ਼ਬਤ ਕੀਤੀ ਗਈ ਇਹ ਦੂਜੀ ਸਭ ਤੋਂ ਵੱਡੀ ਖੇਪ ਹੈ। ਇਸ ਤੋਂ ਪਹਿਲਾਂ 29 ਜੂਨ 2019 ਨੂੰ 532.630 ਕਿੱਲੋਗ੍ਰਾਮ ਹੈਰੋਇਨ ਅਤੇ 52 ਕਿੱਲੋ ਮਿਕਸਡ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਸਨ।

# ਨਾਜਾਇਜ਼ ਤੇਲ ਰਿਫਾਈਨਰੀ ਵਿੱਚ ਧਮਾਕਾ, ਸੌ ਤੋਂ ਵੱਧ ਮੌਤਾਂ



ਅਬੂਜਾ, 25 ਅਪ੍ਰੈਲ (ਪੋਸਟ ਬਿਊਰੋ)- ਨਾਈਜੀਰੀਆ ਦੇ ਦੱਖਣੀ ਰਾਜ ਇਮੋ ਵਿੱਚ ਇੱਕ ਨਾਜਾਇਜ਼ ਤੇਲ ਰਿਫਾਈਨਰੀ ਵਿੱਚ ਹੋਏ ਧਮਾਕੇ ਵਿੱਚ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਇਹ ਧਮਾਕਾ ਸ਼ੁੱਕਰਵਾਰ ਦੀ ਦੇਰ ਰਾਤ ਏਗਬੇਮਾ ਸਥਾਨਕ ਸਰਕਾਰੀ ਖੇਤਰ ਵਿੱਚ ਨਾਜਾਇਜ਼ ਤੇਲ ਰਿਫਾਈਨਰੀ ਵਿੱਚ ਹੋਇਆ, ਜੋ ਇਮੋ ਅਤੇ ਨਦੀਆਂ ਦੇ ਦੱਖਣੀ ਰਾਜਾਂ ਦੇ ਵਿੱਚ ਇੱਕ ਸੀਮਾ ਰੇਖਾ ਹੈ। ਹਾਲੇ ਤਕ 100 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ।

ਇਮੋ ਵਿੱਚ ਪੈਟਰੋਲੀਅਮ ਦੇ ਮੁਖੀ ਨੇ ਦੱਸਿਆ ਕਿ ਇੱਕ ਨਾਜਾਇਜ਼ ਬੰਕਰਿੰਗ ਸਥਾਨ ਉਤੇ ਅੱਗ ਲੱਗਣ ਕਾਰਨ 100 ਤੋਂ ਵੱਧ ਲੋਕ ਪ੍ਰਭਾਵਤ ਹੋਏ, ਜਿਨ੍ਹਾਂ ਦੀ ਅਜੇ ਤਕ ਪਛਾਣ ਨਹੀਂ ਹੋ ਸਕੀ। ਇਸ ਨਾਜਾਇਜ਼ ਤੇਲ ਰਿਫਾਈਨਰੀ ਦਾ ਮਾਲਕ ਫਰਾਰ ਹੈ। ਇੱਕ ਸੂਚਨਾ ਅਨੁਸਾਰ ਲਗਭਗ 108 ਸੜੀਆਂ ਹੋਈਆਂ ਲਾਸ਼ਾਂ ਦੀ ਗਿਣਤੀ ਹੋ ਗਈ ਹੈ। ਇਸ ਤਰ੍ਹਾਂ ਦੀਆਂ ਨਾਜਾਇਜ਼ ਤੇਲ ਰਿਫਾਈਨਰੀਆਂ ਪਾਈਪਲਾਈਨਾਂ ਤੋਂ ਕੱਚੇ ਤੇਲ ਦੀ ਚੋਰੀ ਕਰ ਕੇ ਆਪਣਾ ਕੰਮ ਕਰ ਕਰਦੀਆਂ ਹਨ। ਨਾਈਜੀਰੀਆ ਵਿੱਚ ਤੇਲ ਪਾਈਪ ਲਾਈਨ ਵਿੱਚ ਭੰਨ ਤੋੜ ਅਤੇ ਤੇਲ ਚੋਰੀ ਦੀਆਂ ਖਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ, ਜਿਸ ਨਾਲ ਭਾਰੀ ਆਰਥਿਕ ਨੁਕਸਾਨ ਹੁੰਦਾ ਹੈ।

# ਲਿਬਨਾਨ ਵਿੱਚ ਪਰਵਾਸੀਆਂ ਨੂੰ ਲਿਜਾ ਰਹੀ ਕਿਸ਼ਤੀ ਡੁੱਬੀ

### * ਕਿਸ਼ਤੀ ਵਿੱਚ ਘੱਟੋ-ਘੱਟ 56 ਵਿਅਕਤੀ ਸਵਾਰ



ਬੈਰੂਤ, 25 ਅਪ੍ਰੈਲ (ਪੋਸਟ ਬਿਊਰੋ)- ਲਿਬਨਾਨ ਦੀ ਫੌਜ ਨੇ ਪਰਸੋਂ ਰਾਤ ਡੁੱਬੀ ਕਿਸ਼ਤੀ ਵਿੱਚ ਸਵਾਰ ਅੱਠ ਪਰਵਾਸੀ ਲੋਕਾਂ ਦੀਆਂ ਲਾਸ਼ਾਂ ਕੱਲ੍ਹ ਬਰਾਮਦ ਕੀਤੀਆਂ ਹਨ। ਕਿਸ਼ਤੀ ਵਿੱਚ ਘੱਟੋ-ਘੱਟ 56 ਵਿਅਕਤੀ ਸਵਾਰ ਸਨ। ਇਸ ਦੇ ਨਾਲ ਮ੍ਰਿਤਕਾਂ ਦੀ ਗਿਣਤੀ ਵੱਧ ਕੇ ਨੌਂ ਹੋ ਗਈ ਅਤੇ ਹੋਰ ਵਧ ਸਕਦੀ ਹੈ।

ਤ੍ਰਿਪੋਲੀ ਸ਼ਹਿਰ ਦੇ ਤੱਟੀ ਖੇਤਰ ਵਿੱਚ ਇੱਕ ਛੋਟੇ ਦੀਪ ਕੋਲੋਂ ਅੱਠ ਲਾਸ਼ਾਂ ਮਿਲੀਆਂ ਹਨ। ਲਿਬਨਾਨ ਦੀ ਫੌਜ ਨੇ ਪਹਿਲਾਂ ਕਿਹਾ ਸੀ ਕਿ 47 ਲੋਕਾਂ ਨੂੰ ਬਚਾਇਆ ਗਿਆ ਹੈ ਅਤੇ ਇੱਕ ਲੜਕੀ ਦੀ ਲਾਸ਼ ਮਿਲੀ ਹੈ। ਫੌਜ ਨੇ ਦੱਸਿਆ ਕਿ ਉਚੀਆਂ ਲਹਿਰਾਂ ਉਠਣ ਕਰ ਕੇ ਕਿਸ਼ਤੀ ਡੁੱਬ ਗਈ ਤੇ ਇਸ ਵਿੱਚ ਸਮਰੱਥਾ ਤੋਂ ਵੱਧ ਲੋਕ ਸਨ। ਬਚਾਏ ਗਏ ਲੋਕਾਂ ਦਾ ਮੌਕੇ ਉਤੇ ਇਲਾਜ ਕੀਤਾ ਗਿਆ, ਕੁਝ ਲੋਕਾਂ ਨੂੰ ਨੇੜਲੇ ਹਸਪਤਾਲਾਂ ਵਿੱਚ ਲਿਜਾਇਆ ਗਿਆ। ਪਰਵਾਸੀਆਂ ਦੀ ਤਸਕਰੀ ਕਰਨ ਦੇ ਸ਼ੱਕ ਹੇਠ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਯੂਰਪ ਵੱਲ ਜਾਂਦੀ ਇਹ ਕਿਸ਼ਤੀ ਲਿਬਨਾਨ ਦੇ ਤੱਟੀ ਕਲਾਮੂਨ ਸ਼ਹਿਰ ਤੋਂ ਰਵਾਨਾ ਹੋਣ ਤੋਂ ਤੁਰੰਤ ਬਾਅਦ ਡੁੱਬ ਗਈ। ਇਸ ਮਗਰੋਂ ਸ਼ਨੀਵਾਰ ਰਾਤ ਨੂੰ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਕਈ ਸਾਲਾਂ ਤਕ ਲਿਬਨਾਨ ਸ਼ਰਨਾਰਥੀਆਂ ਨੂੰ ਸ਼ਰਨ ਦਿੰਦਾ ਰਿਹਾ ਹੈ, ਪਰ ਅਕਤੂਬਰ 2019 ਵਿੱਚ ਦੇਸ਼ ਵਿੱਚ ਆਰਥਿਕ ਮੰਦੀ ਸ਼ੁਰੂ ਹੋਣ ਪਿੱਛੋਂ ਸੈਂਕੜੇ ਲੋਕ ਕਿਸ਼ਤੀਆਂ ਵਿੱਚ ਯੂਰਪੀ ਦੇਸ਼ਾਂ ਨੂੰ ਜਾ ਰਹੇ ਹਨ, ਪਿਛਲੇ ਤਿੰਨ ਸਾਲ ਤੋਂ ਵੱਧ ਸਮੇਂ ਵਿੱਚ ਕਈ ਵਿਅਕਤੀ ਯੂਰਪ ਜਾਂਦੇ ਹੋਏ ਆਪਣੀਆਂ ਜ਼ਿੰਦਗੀਆਂ ਗੁਆ ਚੁੱਕੇ ਹਨ।

# ਜਹਾਂਗੀਰਪੁਰੀ ’ਚ ਭਾਈਚਾਰਕ ਸਾਂਝ ਦੇ ਸੁਨੇਹੇ ਲਈ ਤਿਰੰਗਾ ਯਾਤਰਾ

### * ਦੋਵਾਂ ਫਿਰਕਿਆਂ ਦੇ ਲੋਕ ਮਾਰਚ ਵਿੱਚ ਸ਼ਾਮਲ



ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਦੇ ਹਿੰਸਾਗ੍ਰਸਤ ਜਹਾਂਗੀਰਪੁਰੀ ਇਲਾਕੇ ਦੇ ਲੋਕਾਂਨੇ ਕੱਲ੍ਹ ਤਿਰੰਗਾ ਯਾਤਰਾ ਕੱਢੀ ਅਤੇ ਇਸ ਦਾ ਮਕਸਦਾ ਇਹ ਦਿਖਾਉਣਾ ਸੀ ਕਿ ਏਥੇ ਭਾਈਚਾਰਕ ਸਾਂਝ ਹੈ। ਇਸ ਮੌਕੇ ਕਰੜੇ ਸੁਰੱਖਿਆ ਪ੍ਰਬੰਧ ਸਨ ਅਤੇ ਮੁਸਲਿਮ ਅਤੇ ਹਿੰਦੂ ਭਾਈਚਾਰਿਆਂ ਦੇ ਲੋਕਾਂ ਨੇ ਯਾਤਰਾ ਵਿੱਚ ਹਿੱਸਾ ਲਿਆ। ਲੋਕਾਂ ਨੇ ਇੱਕ-ਦੂਜੇ ਨੂੰ ਫੁੱਲ ਭੇਟ ਕੀਤੇ ਤੇ ਇਲਾਕੇ ਦੇ ਹਰ ਘਰ ਉਤੇ ਰਾਸ਼ਟਰੀ ਝੰਡਾ ਲਹਿਰਾਇਆ ਗਿਆ।

ਸ਼ਾਮ ਛੇ ਵਜੇ ਸ਼ੁਰੂ ਹੋਈ ਤਿਰੰਗਾ ਯਾਤਰਾ ਦਾ ਮਕਸਦ ਸ਼ਾਂਤੀ ਦਾ ਸੰਦੇਸ਼ ਦੇਣਾ ਸੀ। ਇਲਾਕੇ ਦੇ ਸੀ, ਬੀ ਅਤੇ ਡੀ ਬਲਾਕਾਂ ਦੇ ਲੋਕ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦੇ ਦੇਖੇ ਗਏ। ਪੁਲਸ ਲੋਕਾਂ ਨੂੰ ਯਾਤਰਾ ਮੌਕੇ ਅਜਿਹਾ ਕੁਝ ਨਾ ਬੋਲਣ ਨੂੰ ਕਹਿੰਦੀ ਰਹੀ, ਜਿਸ ਨਾਲ ਭੜਕਾਹਟ ਪੈਦਾ ਹੋਵੇ। ਸੀ ਬਲਾਕ ਦੀ ਇੱਕ ਗਲੀ ਵਿੱਚ ਯਾਤਰਾ ਉੱਤੇ ਫੁੱਲਾਂ ਵਰਖਾ ਕੀਤੀ ਗਈ। ਹਿੰਸਾ ਪ੍ਰਭਾਵਤ ਸੀ-ਬਲਾਕ ਵਿਚ ਲੋਕਲ ਸ਼ਾਂਤੀ ਕਮੇਟੀ ਨੇ ਪਹਿਲਾਂ ਖੇਤਰ ਵਿੱਚ ਸ਼ਾਂਤੀ ਤੇ ਸਦਭਾਵਨਾ ਦੀ ਅਪੀਲ ਕੀਤੀ ਤੇ ਇਹ ਯਕੀਨੀ ਬਣਾਉਣ ਦਾ ਸੰਕਲਪ ਲਿਆ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾਹੋਣ।

ਇਸ ਮੌਕੇ ਡਿਪਟੀ ਕਮਿਸ਼ਨਰ ਪੁਲਸ (ਡੀ ਸੀ ਪੀ) ਨੇ ਕਿਹਾ, ‘‘ਅਸੀਂ ਦੋਵਾਂ ਭਾਈਚਾਰਿਆਂ ਦੇ ਮੈਂਬਰਾਂ ਨੂੰ ਮਿਲਾ ਕੇ ਸਾਂਝੀ ਸ਼ਾਂਤੀ ਕਮੇਟੀ ਬਣਾਈ ਹੈ।'' ਉਨ੍ਹਾਂ ਨੇ ਲੋਕਾਂ ਨੂੰ ਭਾਈਚਾਰਕ ਸਾਂਝ ਦੀ ਅਪੀਲ ਕਰਨ ਦਾ ਸੱਦਾ ਦਿੱਤਾ। ਦੋਵਾਂ ਫਿਰਕਿਆਂ ਦੇ ਪੰਜਾਹ-ਪੰਜਾਹ ਲੋਕ ਯਾਤਰਾ ਵਿੱਚ ਸ਼ਾਮਲ ਹੋਏ। ਰੈਲੀ ਵਿੱਚਸ਼ਾਮਲ ਲੋਕਾਂ ਨੇ ਭਾਰਤ ਮਾਤਾ ਦੀ ਜੈ ਅਤੇ ਵੰਦੇ ਮਾਤਰਮ ਦੇ ਨਾਅਰੇ ਲਾਏ। ਕੁਸ਼ਲ ਚੌਕ ਤੋਂ ਸ਼ੁਰੂ ਹੋ ਕੇ ਕੁਸ਼ਲ ਚੌਕ ਵਿੱਚ ਸਮਾਪਤ ਹੋਈ ਇਹ ਰੈਲੀ ਕਰੀਬ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਚੱਲੀ। ਸਥਾਨਕ ਵਸਨੀਕ ਅਸਲਮ ਨੇ ਕਿਹਾ ਕਿ ਉਹ ਇਹ ਕਦਮ ਚੁੱਕੇ ਜਾਣ ਤੋਂ ਖੁਸ਼ ਹਨ। ਉਨ੍ਹਾਂ ਕਿਹਾ ਕਿ ਇਹ ਜਹਾਂਗੀਰਪੁਰੀ ਦੀ ਅਸਲ ਤਸਵੀਰ ਹੈ।ਹਿੰਦੂ ਭਾਈਚਾਰੇ ਦੇ ਆਗੂ ਇੰਦਰਾਮਨੀ ਤਿਵਾੜੀ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਇਸ ਰੈਲੀ ਨਾਲ ਇੱਕ ਦੂਜੇ ਪ੍ਰਤੀ ਭਰੋਸਾ ਬਹਾਲ ਕਰਨ ਵਿੱਚ ਮਦਦ ਮਿਲੇਗੀ।

# ਅਮਰੀਕਾ ਵਿੱਚ ਕਾਰ ਹਾਦਸਾ, ਦੋ ਹਰਿਆਣਵੀ ਮੁੰਡਿਆਂ ਦੀ ਮੌਤ



ਕੈਲੀਫ਼ੋਰਨੀਆ, 25 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਨੋਰਥ/ਵਿਸਟ ਫ਼ਰਿਜਨੋ ਦੇ ਵਾਟਰ ਪਾਰਕ ਕੋਲ ਇੱਕ ਕਾਰ ਹਾਦਸਾ ਵਾਪਰਿਆ ਹੈ। ਇੱਕ ਤੇਜ਼ ਰਫ਼ਤਾਰ ਜੀਪ, ਜਿਸ ਵਿੱਚ ਚਾਰ ਨੌਜਵਾਨ ਸਵਾਰ ਸਨ, ਬਿਜਲੀ ਦੇ ਖੰਭੇ ਨਾਲ ਟਕਰਾ ਕੇ ਪਲਟ ਗਈ, ਜਿਸ ਦੌਰਾਨ ਪਿਛਲੀ ਸੀਟ ਉਤੇ ਬੈਠੇ ਦੋ ਨੌਜਵਾਨ ਜੀਪ ਤੋਂ ਬਾਹਰ ਜਾ ਡਿੱਗੇ ਅਤੇ ਥਾਏਂ ਦਮ ਤੋੜ ਗਏ। ਤੀਸਰਾ ਵਿਅਕਤੀ ਜੋ ਡਰਾਈਵਰ ਦੇ ਨਾਲ ਵਾਲੀ ਸੀਟ ਉਤੇ ਬੈਠਾ ਸੀ, ਉਹ ਗੰਭੀਰ ਜ਼ਖ਼ਮੀ ਹੋ ਗਿਆ, ਉਸ ਨੂੰ ਕਮਿਊਨਟੀ ਹਸਪਤਾਲ ਪਹੁੰਚ-ਾਇਆ ਗਿਆ। ਡਰਾਈਵਰ ਮੌਕੇ ਤੋਂ ਖਿਸਕ ਗਿਆ। ਜ਼ਖ਼ਮੀ ਨੌਜਵਾਨ ਦੇ ਬਿਆਨਾਂ ਦੇ ਆਧਾਰ ਉਤੇ ਜਦੋਂ ਪੁਲਸ ਉਨ੍ਹਾਂ ਨੌਜਵਾਨਾਂ ਦੇ ਅਪਾਰਟਮੈਂਟ ਵਿੱਚ ਪਹੁੰਚੀ ਤਾਂ ਸਥਿਤੀ ਹੈਰਾਨੀ ਵਾਲੀ ਸੀ।

ਪੁਲਸ ਮੁਤਾਬਕ ਅਪਾਰਟਮੈਂਟ ਇੰਨਾ ਗੰਦਾ ਸੀ ਕਿ ਉਥੇ ਜਾਣਕਾਰੀ ਇਕੱਤਰ ਕਰਨ ਲਈ ਖੜ੍ਹਨਾ ਵੀ ਮੁਸ਼ਕਲ ਹੋ ਰਿਹਾ ਸੀ। ਥਾਂ ਥਾਂ ਸ਼ਰਾਬ ਦੀਆਂ ਪਈਆਂ ਖ਼ਾਲੀ ਬੋਤਲਾਂ ਤੇ ਗੰਦਗੀ ਦਾ ਢੇਰ ਐਕਸੀਡੈਂਟ ਬਾਰੇ ਸਭ ਕੁਝ ਬਿਆਨ ਕਰ ਰਿਹਾ ਸੀ।ਪੁਲਸ ਮੁਤਾਬਕ ਚਾਰੇ ਨੌਜਵਾਨ ਭਾਰਤ ਦੇ ਹਰਿਆਣਾ ਸੂਬੇ ਨਾਲ ਸਬੰਧਤ ਹਨ ਅਤੇ ਪੁਲਸ ਡਰਾਈਵਰ ਦੀ ਭਾਲ ਕਰ ਰਹੀ ਹੈ, ਜਿਸ ਉੱਤੇ ਭਾਰੀ ਚਾਰਜ ਲੱਗਣ ਦੀ ਸੰਭਾਵਨਾ ਹੈ।

### ਸਾਕਸ਼ੀ ਮਹਾਰਾਜ ਦੀ ਹਿੰਦੂਆਂ ਨੂੰ ਸਲਾਹ

# ਜੇਹਾਦੀਆਂ ਨਾਲ ਨਜਿੱਠਣ ਲਈ ਘਰਾਂ ਵਿੱਚ ਤੀਰ-ਕਮਾਨ ਰੱਖੋ



ਲਖਨਊ, 25 ਅਪ੍ਰੈਲ (ਪੋਸਟ ਬਿਊਰੋ)- ਆਪਣੇ ਵਿਵਾਦਤ ਬਿਆਨਾਂ ਲਈ ਚਰਚਾ ਵਿੱਚ ਰਹਿਣ ਵਾਲੇ ਭਾਰਤੀ ਜਨਤਾ ਪਾਰਟੀ ਦੇ ਪਾਰਲੀਮੈਂਟ ਮੈਂਬਰ ਸਾਕਸ਼ੀ ਮਹਾਰਾਜ ਨੇ ਹਿੰਦੂਆਂ ਨੂੰ ਸਲਾਹ ਦਿੱਤੀ ਹੈ ਕਿ ਉਹ ‘ਜੇਹਾਦੀਆਂ' ਨਾਲ ਨਜਿੱਠਣ ਲਈ ਆਪਣੇ ਘਰਾਂ ਵਿੱਚ ਤੀਰ-ਕਮਾਨ ਰੱਖਣ। ਇਸ ਨਾਲ ਨਵੀਂ ਚਰਚਾ ਛਿੜ ਗਈ ਹੈ।

ਉਤਰ ਪ੍ਰਦੇਸ਼ ਦੀ ਉਨਾਵ ਸੀਟ ਤੋਂ ਭਾਜਪਾ ਦੇ ਪਾਰਲੀਮੈਂਟਮੈਂਬਰ ਸਾਕਸ਼ੀ ਮਹਾਰਾਜ ਨੇ ਕੱਲ੍ਹ ਆਪਣੇ ਫ਼ੇਸਬੁੱਕ ਪੇਜ ਉੱਤੇ ਪਾਈ ਇੱਕ ਪੋਸਟ ਵਿੱਚ ‘ਜੇਹਾਦ' ਕਰਨ ਆਉਣ ਵਾਲੇ ਲੋਕਾਂ ਦੀ ਭੀੜ ਤੋਂ ਬਚਣ ਲਈ ਪੁਲਸ ਉੱਤੇ ਭਰੋਸਾ ਨਾ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਨੇ ਟੋਪੀ ਪਹੀਨੇ ਅਤੇ ਆਪਣੇ ਹੱਥਾਂ ਵਿੱਚ ਡੰਡੇ ਲੈ ਕੇ ਖੜੇ ਨੌਜਵਾਨਾਂ ਦੀ ਭੀੜ ਦੀ ਇੱਕ ਤਸਵੀਰ ਲਾ ਕੇ ਪੋਸਟ ਵਿੱਚ ਲਿਖਿਆ, ‘‘ਜੇ ਇਹ ਭੀੜ ਅਚਾਨਕ ਤੁਹਾਡੀ ਗਲੀ ਜਾਂ ਤੁਹਾਡੇ ਘਰ ਆ ਜਾਵੇ ਤਾਂ ਤੁਹਾਡੇ ਕੋਲ ਇਸ ਤੋਂ ਬਚਣ ਦਾ ਕੋਈ ਤਰੀਕਾ ਹੈ?ਜੇ ਨਹੀਂ ਹੈ ਤਾਂ ਕਰ ਲਉ, ਪੁਲਸ ਬਚਾਉਣ ਨਹੀਂ ਆਵੇਗੀ, ਬਲਕਿ ਆਪਣੇ ਆਪ ਨੂੰ ਬਚਾਉਣ ਲਈ ਕਿਸੇ ਥਾਂ ਲੁਕ ਜਾਵੇਗੀ।ਉਨ੍ਹਾਂ ਲਿਖਿਆ,‘ਅਜਿਹੇ ਮਹਿਮਾਨਾਂ ਲਈ ਸਟਾਫ ਡਰਿੰਕਸ ਦੀਆਂ ਇੱਕ ਦੋ ਪੇਟੀਆਂ, ਕੁਝ ਅਸਲੀ ਤੀਰ-ਕਮਾਨ ਹਰ ਘਰ ਵਿੱਚ ਚਾਹੀਦੇ ਹਨ। ਜੈ ਸ੍ਰੀ ਰਾਮ।'' ਪੋਸਟ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਇਹ ਲੋਕ ਜੇਹਾਦ ਕਰ ਕੇ ਜਾਣਗੇ ਤਾਂ ਪੁਲਸ ਲਾਠੀ ਕੁੱਟਣ ਲਈ ਆ ਜਾਵੇਗੀ ਅਤੇ ਕੁਝ ਦਿਨਾਂ ਬਾਅਦ ਜਾਂਚ ਕਮੇਟੀ ਕੋਲ ਜਾ ਕੇ ਮਾਮਲਾ ਖ਼ਤਮ ਹੋ ਜਾਵੇਗਾ।ਭਾਜਪਾ ਐਮ ਪੀ ਨੇ ਇਸ ਸਵਾਲ ਦਾ ਕੋਈ ਸਿੱਧਾ ਜਵਾਬ ਨਹੀਂ ਦਿੱਤਾ ਕਿ ਇਸ ਪੋਸਟ ਦੀ ਲੋੜ ਕਿਉਂ ਪਈ ਅਤੇ ਉਲਟਾ ਸਵਾਲ ਕੀਤਾ ਕਿ ਕੀ ਹਿੰਦੂ ਸਿਰਫ਼ ਕੁੱਟ ਖਾਣ ਲਈ ਹਨ।

## ਹਨੂੰਮਾਨ ਚਾਲੀਸਾ ਵਿਵਾਦ ਵਿਚ ਰਾਣਾ ਜੋੜੇ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜਿਆ

ਮੁੰਬਈ, 25 ਅਪ੍ਰੈਲ (ਪੋਸਟ ਬਿਊਰੋ)- ਏਥੋਂ ਦੀ ਇੱਕ ਅਦਾਲਤ ਨੇ ਆਜ਼ਾਦ ਪਾਰਲੀਮੈਂਟ ਮੈਂਬਰ ਨਵਨੀਤ ਰਾਣਾ ਅਤੇ ਉਨ੍ਹਾਂ ਦੇ ਵਿਧਾਇਕ ਪਤੀ ਰਵੀ ਰਾਣਾ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਮੁੰਬਈ ਪੁਲਸ ਨੇ ਦੋਵਾਂ ਨੂੰ ਬੀਤੇ ਸ਼ਨੀਵਾਰ ਗ੍ਰਿਫਤਾਰ ਕੀਤਾ ਸੀ। ਅਦਾਲਤ ਵਿੱਚ ਕੱਲ੍ਹ ਪੁਲਸ ਨੇ ਇਨ੍ਹਾਂ ਦੋਵਾਂ ਜਣਿਆਂ ਦੀ ਹਿਰਾਸਤ ਮੰਗੀ, ਪਰ ਅਦਾਲਤ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ।

ਵਰਨਣ ਯੋਗ ਹੈ ਕਿ ਪੁਲਸ ਨੇ ਦੋਵਾਂ ਨੂੰ ਦੋ ਧੜਿਆਂ ਵਿਚਾਲੇ ਟਕਰਾਅ ਪੈਦਾ ਕਰਨ ਦੇ ਦੋਸ਼ਾਂ ਹੇਠ ਗ੍ਰਿਫਤਾਰ ਦੋਵਾਂ ਨੂੰ ਕੀਤਾ ਸੀ। ਇਨ੍ਹਾਂ ਦੋਵਾਂ ਨੇ ਮੁੱਖ ਮੰਤਰੀ ਊਧਵ ਠਾਕਰੇ ਦੀ ਰਿਹਾਇਸ਼ ਅੱਗੇ ਹਨੂੰਮਾਨ ਚਾਲੀਸਾ ਦੇ ਪਾਠ ਦਾ ਐਲਾਨ ਕੀਤਾ ਸੀ, ਪਰ ਸ਼ਿਵ ਸੈਨਾ ਦੇ ਵਿਰੋਧ ਪਿੱਛੋਂ ਫੈਸਲਾ ਵਾਪਸ ਲੈ ਲਿਆ ਸੀ। ਪੁਲਸ ਨੇ ਰਾਣਾ ਜੋੜੇ ਉਤੇ ਕੇਸ ਦਰਜ ਕੀਤਾ ਅਤੇ ਨਵਨੀਤ ਤੇ ਰਵੀ ਰਾਣਾ ਉਤੇ ਸਰਕਾਰੀ ਮੁਲਾਜ਼ਮਾਂ ਦੀ ਡਿਊਟੀ ਵਿੱਚ ਅੜਿੱਕਾ ਪਾਉਣ ਦਾ ਦੋਸ਼ ਲਾਇਆ ਹੈ। ਇਸੇ ਦੌਰਾਨ ਪੁਲਸ ਨੇ ਪਾਰਲੀਮੈਂਟਮੈਂਬਰ ਅਤੇ ਵਿਧਾਇਕ ਦੀ ਮੁੰਬਈ ਵਾਲੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਕਰਦੇ ਕਈ ਸੈਨਾ ਵਰਕਰਾਂ ਉੱਤੇ ਵੀ ਕੇਸ ਦਰਜ ਕੀਤਾ ਹੈ। ਇਨ੍ਹਾਂ ਦੀ ਸ਼ਿਕਾਇਤ ਰਾਣਾ ਜੋੜੇ ਨੇ ਕੀਤੀ ਹੈ।

# ਇਮੈਨੁਅਲ ਮੈਕਰੋਂ ਮੁੜ ਕੇ ਫਰਾਂਸ ਦੇ ਰਾਸ਼ਟਰਪਤੀ ਚੁਣੇ ਗਏ




ਪੈਰਿਸ, 25 ਅਪ੍ਰੈਲ (ਪੋਸਟ ਬਿਊਰੋ)- ਫਰਾਂਸ ਦੇ ਰਾਸ਼ਟਰਪਤੀ ਦੀਆਂ ਚੋਣਾਂ ਵਿੱਚ ਇਸ ਦੇਸ਼ ਦੇ ਮੌਜੂਦਾ ਰਾਸ਼ਟਰਪਤੀ ਇਮੈਨੁਐਲ ਮੈਕਰੋਂ ੇ ਇਸ ਅਹੁਦੇ ਲਈ ਮੁੜ ਚੁਣੇ ਜਾਣ ਦਾ ਰਸਤਾ ਸਾਫ਼ ਹੋ ਗਿਆ ਹੈ।

ਵੱਖ-ਵੱਖ ਸਰਵੇਖਣ ਏਜੰਸੀਆਂ ਨੇ ਕੱਲ੍ਹ ਮੈਕਰੋਂ ਅਤੇ ਸੱਜੇ-ਪੱਖੀ ਨੇਤਾ ਮਰੀਨ ਲੇ ਪੇਨ ਵਿਚਕਾਰ ਚੋਣ ਕਰਨ ਲਈ ਵੋਟਿੰਗ ਖਤਮ ਹੋਣ ਪਿੱਛੋਂ ਮੈਕਰੋਂ ਦੀ ਜਿੱਤ ਦੀ ਭਵਿੱਖਬਾਣੀ ਕੀਤੀ। ਸਰਵੇਖਣ ਏਜੰਸੀ ਓਪੀਨੀਅਨ-ਵੇ, ਹੈਰਿਸ ਅਤੇ ਇਫੋਪ ਦੇ ਅਨੁਮਾਨਾਂ ਅਨੁਸਾਰ ਮੌਜੂਦਾ ਰਾਸ਼ਟਰਪਤੀ ਮੈਕਰੋਂ ਨੂੰ ਕੁੱਲ ਵੋਟਾਂ ਦਾ 57 ਤੋਂ 58.2 ਫ਼ੀਸਦੀ ਤਕ ਜਾਂਦਾ ਦਿਖਾਈ ਦੇਂਦਾ ਸੀ, ਜਦ ਕਿ ਮਰੀਨ ਲੇ ਪੇਨ ਨੂੰ 41.8 ਨਾਲ 43 ਫ਼ੀਸਦੀ ਵੋਟ ਮਿਲਣ ਦੀ ਆਸ ਸੀ।ਮੈਕਰੋਂ ਦੀ ਮੁੜ ਚੋਣ ਦਾ ਅਧਿਕਾਰਤ ਐਲਾਨ ਹੋਣਾ ਅਜੇ ਬਾਕੀ ਸੀ, ਪਰ ਸੱਜੇ-ਪੱਖੀ ਨੇਤਾ ਮਰੀਨ ਲੇ ਪੇਨ ਨੇ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਹਾਰ ਮੰਨ ਲਈ ਅਤੇ ਮੌਜੂਦਾ ਰਾਸ਼ਰਟਪਤੀ ਇਮੈਨੁਐਲ ਮੈਕਰੋਂ ਨੂੰ ਜੇਤੂ ਐਲਾਨ ਕੀਤਾ। ਬਾਅਦ ਵਿੱਚ ਅਸਲ ਮੈਕਰੋਂ ਨੂੰ 57.24 ਫੀਸਦੀ ਅਤੇ ਲੇ ਪੇਨ ਨੂੰ 42.76 ਫੀਸਦੀ ਵੋਟਾਂ ਮਿਲੀਆਂ ਦੱਸੀਆਂ ਗਈਆਂ ਹਨ।

ਲੇ ਪੇਨ ਨੇ ਕਿਹਾ ਕਿ ਰਾਸ਼ਰਟਪਤੀ ਚੋਣ ਵਿੱਚ ਉਨ੍ਹਾਂ ਦਾ ਸ਼ਾਨਦਾਰ ਪ੍ਰਦਰਸ਼ਨ ਆਪਣੇ-ਆਪ ਵਿੱਚ ਸ਼ਾਨਦਾਰ ਜਿੱਤ ਨੂੰ ਦਰਸਾਉਂਦਾ ਹੈ। ਜਿੱਤ ਦੇ ਅਧਿਕਾਰਤ ਐਲਾਨ ਨਾਲ ਮੈਕਰੋਂ 20 ਸਾਲਾਂ ਵਿੱਚ ਲਗਾਤਾਰ ਦੂਜੀ ਵਾਰ ਕਾਰਜਕਾਲ ਹਾਸਲ ਕਰਨ ਵਾਲੇ ਪਹਿਲੇ ਫਰਾਂਸੀਸੀ ਰਾਸ਼ਟਰਪਤੀ ਬਣ ਜਾਣਗੇ।ਮਹਾਮਾਰੀ ਤੇ ਯੂਕਰੇਨ ਵਿੱਚ ਜੰਗ ਵਿਚਾਲੇ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਮੈਕਰੋਂ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਉਸ ਨੂੰ ਇੱਕ ਹੋਰ ਮੌਕਾ ਦੇਣ।

# ਕਰਤਾਰਪੁਰ ਲਾਂਘੇ ਰਾਹੀਂ ਵਪਾਰਕ ਬੈਠਕਾਂ ਕਰਾਉਣ ਦੇ ਦੋਸ਼ ਪਾਕਿ ਦੇ ਵਿਦੇਸ਼ ਮੰਤਰਾਲੇ ਵੱਲੋਂ ਰੱਦ



ਲਾਹੌਰ, 25 ਅਪ੍ਰੈਲ (ਪੋਸਟ ਬਿਊਰੋ)- ਕਰਤਾਰਪੁਰ ਲਾਂਘੇ ਬਾਰੇ ਕੁਝ ਮੀਡੀਆ ਅਦਾਰਿਆਂ ਵੱਲੋਂ ਕੀਤੇ ਪ੍ਰਚਾਰ ਨੂੰ ਰੱਦ ਕਰਦਿਆਂ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਦੋਸ਼ ਲਾਇਆ ਹੈ ਕਿ ਇਹ ਸਭ ਗੱਲਾਂ ਭਾਰਤ ਸਰਕਾਰ ਦੀਆਂ ਧਾਰਮਿਕ ਲਾਂਘੇ ਰਾਹੀਂ ਯਾਤਰਾ ਵਿੱਚ ਵਿਘਨ ਪਾਉਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹਨ।

ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਬਾਰੇ ਜਾਰੀ ਬਿਆਨ ਵਿੱਚ ਕਿਹਾ ਕਿ ਪਾਕਿ-ਸਤਾਨ ਉੱਤੇ ਵਪਾਰਕ ਬੈਠਕਾਂ ਲਈ ਕਰਤਾਰਪੁਰ ਲਾਂਘੇ ਦੀ ਵਰਤੋਂ ਕਰਨ ਬਾਰੇ ਕੁਝ ਭਾਰਤੀ ਮੀਡੀਆ ਅਦਾਰਿਆਂ ਵੱਲੋਂ ਕੀਤਾ ਜਾਂਦਾ ਪ੍ਰਚਾਰ ਤੱਥਹੀਣ ਹੈ। ਵਰਨਣ ਯੋਗ ਹੈ ਕਿ ਕੁਝ ਭਾਰਤੀ ਮੀਡੀਆ ਅਦਾਰਿਆਂ ਵੱਲੋਂ ਸੂਤਰਾਂ ਦੇ ਹਵਾਲੇ ਨਾਲ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ ਐਸ ਆਈ ਦੇ ਲੋਕ ਇਸ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਗੁਰੂ ਘਰ ਦੇ ਦਰਸ਼ਨਾਂ ਲਈ ਜਾਂਦੇ ਭਾਰਤੀਆਂ ਨੂੰ ਮਿਲਣ ਤੇ ਉਨ੍ਹਾਂ ਵਿਚਾਲੇ ਸੰਪਰਕ ਬਣਾਉਣ ਲਈ ਕਰਤਾਰਪੁਰ ਲਾਂਘੇ ਦੀ ਵਰਤੋਂ ਕਰਦੇ ਹਨ। ਇੱਥੇ ਹੀ ਬਸ ਨਹੀਂ, ਯਾਤਰਾ ਦੌਰਾਨ ਆਈ ਐਸ ਆਈ ਪਾਕਿਸਤਾਨ ਵਿੱਚ ਬੈਠੇ ਕੁਝ ਭਾਰਤੀ ਖਾੜਕੂਆਂ ਨਾਲ ਵੀ ਭਾਰਤੀ ਯਾਤਰੂਆਂ ਦਾ ਸੰਪਰਕ ਕਰਵਾਉਂਦੀ ਹੈ। ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਕਿ ਭਾਰਤ ਸਰਕਾਰ ਕੋਲ ਇਸ ਬਾਰੇ ਸੈਂਕੜੇ ਤਸਵੀਰਾਂ, ਵੀਡੀਓ ਅਤੇ ਹੋਰ ਸਬੂਤ ਮੌਜੂਦ ਹਨ ਅਤੇ ਜਲਦੀ ਹੀ ਹੋਰ ਸਬੂਤ ਇਕੱਠੇ ਕਰਕੇ ਇਹ ਮਾਮਲਾ ਪਾਕਿ ਸਰਕਾਰ ਕੋਲ ਉਠਾਇਆ ਜਾਵੇਗਾ।

# ਭਾਰਤ ਦੀ ਹਵਾਈ ਫੌਜ ਇਸਰਾਈਲੀ ਸਪਾਈਕ ਮਿਜ਼ਾਈਲਾਂ ਨਾਲ ਲੈਸ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਰੂਸ-ਯੂਕਰੇਨ ਜੰਗ ਵਿੱਚ ਐਂਟੀ ਟੈਂਕ ਮਿਜ਼ਾਈਲਾਂ ਦੀ ਅਹਿਮ ਭੂਮਿਕਾ ਵੇਖ ਕੇ ਭਾਰਤੀ ਹਵਾਈ ਫੌਜ ਆਪਣੇ ਰੂਸੀ ਹੈਲੀਕਾਪਟਰਾਂ ਦੇ ਬੇੜੇ ਨੂੰ ਇਸਰਾਈਲੀ ਸਪਾਈਕ ਨਾਨ-ਲਾਈਨ ਆਫ ਸਾਈਟ (ਐਨ ਐਲ ਓ ਐਸ) ਐਂਟੀ-ਟੈਂਕ ਗਾਈਡਿਡ ਮਿਜ਼ਾਈਲਾਂ (ਏ ਟੀ ਜੀ ਐਮ) ਨਾਲ ਲੈਸ ਕਰ ਰਹੀ ਹੈ। ਇਹ ਮਿਜ਼ਾਈਲ 30 ਕਿਲੋਮੀਟਰ ਦੂਰ ਦੁਸ਼ਮਣ ਦੇ ਟੈਂਕਾਂ ਨੂੰ ਨਿਸ਼ਾਨਾ ਬਣਾ ਸਕਦੀ ਹੈ।

ਸਰਕਾਰੀ ਸੂਤਰਾਂ ਮੁਤਾਬਕ ਇਸਰਾਈਲੀ ਸਪਾਈਕ ਐਨ ਐਲ ਓ ਐਸ ਐਂਟੀ-ਟੈਂਕ ਗਾਈਡਿਡ ਮਿਜ਼ਾਈਲਾਂ ਨਾਲ ਰੂਸੀ ਐਮ ਆਈ-17 ਵੀ-5 ਹੈਲੀਕਾਪਟਰਾਂ ਨੂੰ ਲੈਸ ਕੀਤਾ ਜਾ ਰਿਹਾ ਹੈ, ਜਿਹੜੀਆਂਟੱਕਰ ਵੇਲੇ ਦੁਸ਼ਮਣ ਦੀਆਂ ਬਖਤਰਬੰਦ ਟੁਕੜੀਆਂ ਦੇ ਖਿਲਾਫ ਬੇਹੱਦ ਅਸਰਦਾਰ ਸਾਬਤ ਹੋ ਸਕਦੀਆਂ ਹਨ। ਰਿਪੋਰਟਾਂ ਦੇ ਮੁਤਾਬਕ ਰੂਸ ਖਿਲਾਫ ਜਾਰੀ ਜੰਗ ਵਿੱਚ ਯੂਕਰੇਨ ਨੇ ਪੱਛਮੀ ਯੂਰਪੀ ਦੇਸ਼ਾਂ ਤੇ ਅਮਰੀਕਾ ਵੱਲੋਂ ਦਿੱਤੀਆਂ ਗਈਆਂ ਐਂਟੀ ਟੈਂਕ ਅਤੇ ਐਂਟੀ ਏਅਰਕਰਾਫਟ ਮਿਜ਼ਾਈਲਾਂ ਨੂੰ ਰੂਸ ਦੀਆਂ ਬਖਤਰਬੰਦ ਟੁਕੜੀਆਂ ਖਿਲਾਫ ਅਸਰਦਾਰ ਵਰਤਿਆ ਹੈ। ਭਾਰਤੀ ਹਵਾਈ ਫੌਜ ਨੇ ਇਨ੍ਹਾਂ ਮਿਜ਼ਾਈਲਾਂ ਵਿੱਚ ਕਰੀਬ ਦੋ ਸਾਲ ਪਹਿਲਾਂ ਦਿਲਚਸਪੀ ਦਿਖਾਉਣੀ ਸ਼ੁਰੂ ਕੀਤੀ ਸੀ। ਜਦੋਂ ਚੀਨੀ ਫੌਜ ਨੇ ਪੂਰਬੀ ਲੱਦਾਖ ਸੈਕਟਰ ਵਿੱਚ ਅਸਲ ਕੰਟਰੋਲ ਰੇਖਾ(ਐਲ ਏ ਸੀ) ਦੇ ਨੇੜੇ ਵੱਡੀ ਗਿਣਤੀ ਵਿੱਚ ਟੈਂਕ ਅਤੇ ਜੰਗੀ ਵਾਹਨ ਤੈਨਾਤ ਕੀਤੇ ਸਨ। ਇਸ ਤੋਂ ਪਹਿਲਾਂ ਪੱਛਮੀ ਥੀਏਟਰ ਵਿੱਚ ਟੈਂਕਾਂ ਨਾਲ ਜੰਗ ਦੀ ਸੰਭਾਵਨਾ ਪ੍ਰਗਟਾਈ ਜਾਂਦੀ ਸੀ, ਪਰ ਅੱਜਕੱਲ੍ਹ ਪੱਛਮੀ ਤੇ ਉਤਰੀ ਦੋਵਾਂ ਸਰਹੱਦਾਂ ਉੱਤੇ ਟੈਂਕ ਵੱਡੇ ਪੱਧਰ ਉੱਤੇ ਭੂਮਿਕਾ ਨਿਭਾਉਣਗੇ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149




ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਪਾਕਿਸਤਾਨ ਦੀਆਂ ਉਮੀਦਾਂ ਉੱਤੇ ਖਰੇ ਨਾ ਉਤਰ ਸਕੇ ਇਮਰਾਨ

-ਮਨੋਜ ਜੋਸ਼ੀ

ਇਮਰਾਨ ਖਾਨ 2016 ਵਿਚ ਆਪਣੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਪਾਰਟੀ ਦੇ ਨਾਲ ਬਹੁਤ ਆਸਾਂ-ਉਮੀਦਾਂ ਲੈ ਕੇ ਦੇਸ਼ ਦੀ ਸਿਆਸਤ ਵਿਚ ਆਇਆ। ਉਸ ਦਾ ਮੁੱਖ ਦਾਈਆ ਮੁਲਕ ਨੂੰ 'ਪਰਵਾਰ' ਅਤੇ ਭ੍ਰਿਸ਼ਟਾਚਾਰ ਦੇ ਮਾੜੇ ਪ੍ਰਭਾਵਾਂ ਤੋਂ ਛੁਟਕਾਰਾ ਦਿਵਾਉਣਾ ਸੀ। ਉਸ ਨੇ ਜੁਲਾਈ 2018 ਦੀਆਂ ਆਮ ਚੋਣਾਂ ਜਿੱਤੀਆਂ, ਜਿਨ੍ਹਾਂ ਨੂੰ 1970 ਤੋਂ ਬਾਅਦ ਦੇਸ਼ ਦੀਆਂ ਸਭ ਤੋਂ ਦਾਗੀ ਚੋਣਾਂ ਵਿੱਚ ਗਿਣਿਆ ਗਿਆ ਹੈ। ਕਾਰਨ ਇਹ ਕਿ ਪਾਕਿਸਤਾਨੀ ਫੌਜ ਹਰ ਹਾਲ ਨਵਾਜ਼ ਸ਼ਰੀਫ ਨੂੰ ਸੱਤਾ ਤੋਂ ਬਾਹਰ ਕਰਨਾ ਚਾਹੁੰਦੀ ਸੀ, ਕਿਉਂਕਿ ਫੌਜ ਨੂੰ ਜਾਪਦਾ ਸੀ ਕਿ ਸ਼ਰੀਫ ਵੱਲੋਂ ਮੁਲਕ ਵਿੱਚ ਬੜੇ ਜ਼ੋਰਦਾਰ ਢੰਗ ਨਾਲ ਸਿਵਲ ਹਕੂਮਤ ਦਾ ਦਬਦਬਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ (ਜਦੋਂ ਕਿ ਪਾਕਿਸਤਾਨ ਵਿੱਚ ਸਿਵਲ ਤੇ ਜਮਹੂਰੀ ਸੱਤਾ ਕਹਿਣ ਲਈ ਹੈ ਅਤੇ ਅਸਲ ਵਿੱਚ ਚੱਲਦੀ ਫੌਜ ਦੀ ਹੈ)।

ਫੌਜ ਨੇ ਸ਼ਰੀਫ ਨੂੰ ਪ੍ਰਧਾਨ ਮੰਤਰੀ ਵਜੋਂ ਅਯੋਗ ਕਰਾਰ ਦਿਵਾ ਕੇ ਅਤੇ ਜੇਲ੍ਹ ਵਿੱਚ ਸੁੱਟ ਕੇ ਚੋਣਾਂ ਦਾ ਮੰਚ ਪਹਿਲਾਂ ਹੀ ਤਿਆਰ ਕਰ ਦਿੱਤਾ, ਜਿਸ ਦੇ ਸਿੱਟੇ ਵਜੋਂ ਚੋਣਾਂ ਵਿੱਚ ਸ਼ਰੀਫ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੀ ਹਾਲਤ ਬਹੁਤ ਖਸਤਾ ਬਣਾ ਦਿੱਤੀ। ਨਾਲ 'ਜੰਗ' ਅਤੇ 'ਡਾਅਨ' ਵਰਗੇ ਮੀਡੀਆ ਗਰੁੱਪਾਂ ਉੱਤੇ ਹਮਲੇ ਤੇਜ਼ ਕੀਤੇ ਗਏ ਅਤੇ ਅਜਿਹੇ ਕਿਰਦਾਰਾਂ ਦੀ ਤਲਾਸ਼ ਕੀਤੀ ਗਈ ਜਿਹੜੇ ਚੋਣਾਂ ਵਿੱਚ ਪੀ ਟੀ ਆਈ ਨੂੰ ਬਹੁਮਤ ਦਿਵਾਉਣ ਵਿੱਚ ਮਦਦਗਾਰ ਹੋ ਸਕਣ।

ਅੱਜ ਇਮਰਾਨ ਨੂੰ ਆਪਣੇ ਆਪ ਤੋਂ ਇਹ ਪੁੱਛਣਾ ਚਾਹੀਦਾ ਹੈ ਕਿ ਦੇਸ਼ ਦੀ ਅਸ਼ਲ ਤਾਕਤ ਭਾਵ ਫੌਜ ਨੇ ਉਸ ਦੀ ਹਮਾਇਤ ਕਰਨੀ ਕਿਉਂ ਬੰਦ ਕਰ ਦਿੱਤੀ ਤੇ ਕਿਵੇਂ ਦੋ ਸਿਆਸੀ ਘਰਾਣਿਆਂ-ਭਾਵ ਸ਼ਾਹਬਾਜ਼ ਸ਼ਰੀਫ ਦੀ ਪੀ ਐੱਮ ਐੱਲ-ਐੱਨ ਅਤੇ ਬਿਲਾਵਲ ਭੁੱਟੋ ਦੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਨੇ ਆਪਣਾ ਵੈਰ ਖਤਮ ਕਰ ਦਿੱਤਾ ਤੇ ਉਸ (ਇਮਰਾਨ) ਨੂੰ ਸੱਤਾ ਤੋਂ ਲਾਂਭੇ ਕਰਨ ਲਈ ਹੱਥ ਮਿਲਾ ਲਿਆ। ਜਿੱਥੋਂ ਤੱਕ ਮੌਲਾਨਾ ਡੀਜ਼ਲ (ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ ਦਾ ਮੁਖੀ ਮੌਲਾਨਾ ਫਜ਼ਲੁਰ ਰਹਿਮਾਨ) ਵਰਗੇ ਛੋਟੇ ਖਿਡਾਰੀਆਂ ਦਾ ਸਵਾਲ ਹੈ, ਅਜਿਹੇ ਆਗੂ ਅਕਸਰ ਹਵਾ ਦੇ ਰੁਖ਼ ਵਹਿ ਜਾਂਦੇ ਹਨ। ਇਮਰਾਨ ਨੇ ਅਮਰੀਕਾ ਉੱਤੇ ਉਸ ਨੂੰ ਗੱਦੀਓਂ ਲਾਹੁਣ ਦੀਆਂ ਗੋਂਦਾਂ ਗੁੰਦਣ ਦਾ ਇਲਜ਼ਾਮ ਲਾ ਕੇ ਵਾਸ਼ਿੰਗਟਨ ਨਾਲ ਵੀ ਦੁਸ਼ਮਣੀ ਸਹੇੜ ਲਈ। ਇਸ ਬਾਰੇ ਉਸ ਵੱਲੋਂ ਪੇਸ਼ ਕੀਤਾ ਗਿਆ 'ਸਬੂਤ' ਬਹੁਤਾ ਦਮਦਾਰ ਨਹੀਂ ਹੈ, ਜਿਹੜਾ ਪਾਕਿਸਤਾਨ ਦੇ ਵਾਸ਼ਿੰਗਟਨ ਵਾਲੇ ਰਾਜਦੂਤ ਤੇ ਅਮਰੀਕੀ ਵਿਦੇਸ਼ ਵਿਭਾਗ ਵਿੱਚ ਦੱਖਣੀ ਏਸ਼ੀਆ ਦੇ ਮਾਮਲੇ ਦੇਖਣ ਵਾਲੇ ਅਧਿਕਾਰੀ ਡੋਨਲਡ ਲੂ ਵਿਚਾਲੇ ਗੱਲਬਾਤ ਦੀ ਰਿਕਾਰਡਿੰਗ ਹੈ, ਜਿਸ ਨੂੰ ਕੋਈ ਭਰੋਸੇਮੰਦ ਨਹੀਂ ਕਿਹਾ ਜਾ ਸਕਦਾ। ਗੱਲਬਾਤ ਦੌਰਾਨ ਲੂ ਵੱਲੋਂ ਕੀਤੀ ਟਿੱਪਣੀ ਕਿ ਜੇ ਖਾਨ ਦੀ ਸਰਕਾਰ ਬੇਭਰੋਸਗੀ ਮਤੇ ਵਿੱਚ ਬਚ ਗਈ ਤਾਂ ਇਸ ਦੇ ਗੰਭੀਰ ਅਸਰ ਹੋ ਸਕਦੇ ਹਨ, ਵਿੱਚ ਕੋਈ ਸਾਜ਼ਿਸ਼ ਨਹੀਂ ਦਿੱਸਦੀ। ਇਸ ਟਿੱਪਣੀ ਨੂੰ ਵੱਧ ਤੋਂ ਵੱਧ ਮੂਰਖਤਾ ਆਖਿਆ ਜਾ ਸਕਦਾ ਹੈ। ਇਮਰਾਨ ਨੇ ਕੁਵੇਲੇ ਕੀਤੀ ਮਾਸਕੋ ਫੇਰੀ ਨਾਲ ਪਹਿਲਾਂ ਹੀ ਵਾਸ਼ਿੰਗਟਨ ਨਾਲ ਆਪਣੇ ਰਿਸ਼ਤੇ ਵਿੱਚ ਕੁੜੱਤਣ ਭਰ ਲਈ ਸੀ, ਕਿਉਂਕਿ ਉਸ ਦੀ ਫੇਰੀ ਵਾਲੇ ਦਿਨ ਪੁਤਿਨ ਨੇ ਯੂਕਰੇਨ ਉੱਤੇ ਹਮਲਾ ਸ਼ੁਰੂ ਕੀਤਾ ਸੀ।

ਸੱਤਾ ਤਬਦੀਲੀ ਆਮ ਕਰ ਕੇ ਇੰਝ ਨਹੀਂ ਕੀਤੀ ਜਾਂਦੀ। ਇਸ ਕੇਸ ਵਿੱਚ ਫੌਜ ਵੱਲੋਂ ਨਿਰਪੱਖ ਰਹਿਣ ਦਾ ਫੈਸਲਾ ਕੀਤੇ ਜਾਣ ਵਿੱਚ ਵਾਸ਼ਿੰਗਟਨ ਦਾ ਹੱਥ ਹੋ ਸਕਦਾ ਹੈ, ਪਰ ਇਮਰਾਨ ਅਤੇ ਫੌਜ ਵਿਚਾਲੇ ਜੱਗ ਜ਼ਾਹਰ ਤਣਾਵਾਂ ਨੂੰ ਦੇਖ ਕੇ ਅਮਰੀਕਾ ਨੂੰ ਅਸਲ ਵਿੱਚ ਬਹੁਤਾ ਕੁਝ ਕਰਨ ਦੀ ਲੋੜ ਨਹੀਂ ਸੀ।ਕੁਝ ਸਮੇਂ ਤੋਂ ਅਜਿਹਾ ਕੁਝ ਕੰਧ ਉੱਤੇ ਲਿਖਿਆ ਹੀ ਹੋਇਆ ਸੀ। ਬੀਤੇ ਦੋ ਕੁ ਸਾਲਾਂ ਤੋਂ ਇਮਰਾਨ ਦੀ ਪੀ ਟੀ ਆਈ ਨੂੰ ਕਲੇਸ਼ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਅੰਦਰੂਨੀ ਤੌਰ ਉੱਤੇ ਵੀ ਅਤੇ ਐੱਮ ਕਿਊ ਐੱਮ ਵੱਲੋਂ ਵੀ। ਇਸ ਪੱਖੋਂ ਸਭ ਤੋਂ ਵੱਡਾ ਮਸਲਾ ਸੀ ਸਰਕਾਰ ਦੀ ਮਾੜੀ ਕਾਰਗੁਜ਼ਾਰੀ, ਜਿਸ ਨੇ ਇਸ ਦੇ ਭਾਈਵਾਲਾਂ ਨੂੰ ਪੀ ਟੀ ਆਈ ਤੋਂ ਲਾਂਭੇ ਹੋਣ ਲਈ ਉਕਸਾਇਆ, ਪਰ ਬਿਨਾਂ ਸ਼ੱਕ ਸਭ ਤੋਂ ਅਹਿਮ ਕਿਰਦਾਰ ਫੌਜ ਨੇ ਨਿਭਾਇਆ, ਜਿਸ ਨੇ ਪਹਿਲੀ ਵਾਰ 2019 ਵਿੱਚ ਪੀ ਟੀ ਆਈ-ਐੱਮ ਕਿਊ ਐੱਮ ਗੱਠਜੋੜ ਬਣਾਉਣ ਵਿੱਚ ਮਦਦ ਕੀਤੀ ਸੀ ਅਤੇ ਇਸ ਵਾਰ ਉਸ ਨੇ ਸਰਕਾਰ ਦੇ ਮਾਮਲੇ ਵਿੱਚ 'ਲਾਂਭੇ ਰਹਿਣ' ਦੀ ਨੀਤੀ ਅਪਣਾਈ।

ਇਸ ਦੇ ਵੀ ਕਾਰਨ ਸਨ। ਸਾਲ 2019 ਦੌਰਾਨ ਜਨਰਲ ਬਾਜਵਾ ਦੇ ਅਹੁਦੇ ਦੀ ਮਿਆਦ ਪੁੱਗਣ ਤੋਂ ਐਨ ਪਹਿਲਾਂ ਉਸ ਦੀ ਮਿਆਦ ਦੇ ਵਾਧੇ ਬਾਰੇ ਸਰਕਾਰ ਤੇ ਸੁਪਰੀਮ ਕੋਰਟ ਦਾ ਟਕਰਾਅ ਹੋਇਆ ਸੀ। ਪੀ ਟੀ ਆਈ ਸਰਕਾਰ ਨੇ ਉਸ ਨੂੰ ਅਗਸਤ ਮਹੀਨੇ ਤਿੰਨ ਸਾਲ ਦਾ ਵਾਧਾ ਦੇ ਦਿੱਤਾ, ਪਰ ਇਸ ਨੂੰ ਸੁਪਰੀਮ ਕੋਰਟ ਵਿੱਚ ਵੰਗਾਰਿਆ ਗਿਆ ਤੇ ਅਦਾਲਤ ਨੇ ਇਸ ਬਾਰੇ ਸਵਾਲ ਕੀਤੇ ਸਨ। ਇਸ ਤੋਂ ਪਹਿਲਾਂ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਦੇ 2010 ਵਿੱਚੋਂ ਹੋਏ ਵਾਧੇ ਨੂੰ ਦਿੱਤੀ ਚੁਣੌਤੀ ਨੂੰ ਇਸਲਾਮਾਬਾਦ ਹਾਈ ਕੋਰਟ ਨੇ ਰੱਦ ਕੀਤਾ ਸੀ। ਆਖਰ ਅਦਾਲਤ ਨੇ ਛੇ ਮਹੀਨੇ ਦੇ ਵਾਧੇ ਦੀ ਖੁੱਲ੍ਹ ਦੇ ਦਿੱਤੀ, ਜਿਸ ਨਾਲ ਸੈਨੇਟ ਨੂੰ ਇਸ ਦਾ ਬਿਲ ਪਾਸ ਕਰਨ ਦਾ ਮੌਕਾ ਮਿਲ ਗਿਆ ਅਤੇ ਉਨ੍ਹਾਂ ਦੀ ਮਿਆਦ ਨਵੰਬਰ 2022 ਭਾਵ ਤਿੰਨ ਸਾਲਾਂ ਲਈ ਵਧਾਉਣ ਦਾ ਰਾਹ ਸਾਫ ਹੋ ਗਿਆ। ਪਿੱਛੋਂ ਸ਼ਾਹਬਾਜ਼ ਸ਼ਰੀਫ ਨੇ ਦੋਸ਼ ਲਾਇਆ ਕਿ ਇਮਰਾਨ ਨੇ ਜਾਣਬੁੱਝ ਕੇ ਪ੍ਰਕਿਰਿਆ ਨੂੰ ਲਮਕਾਇਆ ਜਾਂ ਉਹ ਘੱਟੋ-ਘੱਟ ਬਾਕੀ ਵਿਰੋਧੀ ਪਾਰਟੀਆਂ ਦੇ ਮੁਕਾਬਲੇ ਵਾਧੇ ਸੰਬੰਧੀ ਘੱਟ ਉਤਸ਼ਾਹਤ ਸੀ।

ਬੀਤੇ ਸਾਲ ਤਾਲਿਬਾਨ ਵੱਲੋਂ ਕਾਬੁਲ ਉੱਤੇ ਕਬਜ਼ਾ ਕਰ ਲੈਣ ਪਿੱਛੋਂ ਆਈ ਐੱਸ ਆਈ ਦੇ ਮੁਖੀ ਲੈਫਟੀਨੈਂਟ ਜਨਰਲ ਫੈਜ਼ ਅਹਿਮਦ ਵੱਲੋਂ ਕੀਤੇ ਉਥੋਂ ਦੇ ਵਿਵਾਦਗ੍ਰਸਤ ਦੌਰੇ ਤੋਂ ਇੱਕ ਮਹੀਨਾ ਬਾਅਦ ਅਕਤੂਬਰ 2021 ਵਿੱਚ ਹਮੀਦ ਨੂੰ ਪਿਸ਼ਾਵਰ ਕੋਰ ਕਮਾਂਡਰ ਵਾਲੇ ਅਹੁਦੇ ਤੋਂ ਲਾਹ ਕੇ ਇਹ ਜ਼ਿੰਮੇਵਾਰੀ ਲੈਫਟੀਨੈਂਟ ਜਨਰਲ ਨਦੀਮ ਅੰਜੁਮ ਨੂੰ ਸੌਂਪੀ ਗਈ ਸੀ। ਤਕਨੀਕੀ ਤੌਰ ਉੱਤੇ ਆਈ ਐੱਸ ਆਈ ਦੇ ਮੁਖੀ ਦੀ ਨਿਯੁਕਤੀ ਪ੍ਰਧਾਨ ਮੰਤਰੀ ਵੱਲੋਂ ਫੌਜ ਮੁਖੀ ਦੀ ਸਲਾਹ ਨਾਲ ਕੀਤੀ ਜਾਂਦੀ ਹੈ। ਰਿਪੋਰਟਾਂ ਮੁਤਾਬਕ ਇਸ ਕਾਰਵਾਈ ਤੋਂ ਪਹਿਲਾਂ ਹਮੀਦ ਨੂੰ ਹਟਾਉਣ ਅਤੇ ਅੰਜੁਮ ਨੂੰ ਲਾਉਣ ਬਾਰੇ ਇਮਰਾਨ ਅਤੇ ਫੌਜ ਮੁਖੀ ਵਿਚਾਲੇ ਤਿੰਨ ਹਫਤਿਆਂ ਤੱਕ ਰੇੜਕਾ ਬਣਿਆ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਹਮੀਦ ਦੀ ਇਮਰਾਨ ਨਾਲ ਨੇੜਤਾ ਬਣ ਗਈ ਸੀ ਅਤੇ ਉਸ ਨੂੰ ਆਈ ਐੱਸ ਆਈ ਮੁਖੀ ਦੇ ਰੁਤਬੇ ਵਿੱਚ ਇਮਰਾਨ ਦੇ ਲਾਹੇਵੰਦ ਸਹਿਯੋਗੀ ਵਜੋਂ ਦੇਖਿਆ ਜਾਂਦਾ ਹੈ।

ਇਮਰਾਨ ਦੀ ਨਿਯੁਕਤੀ ਦੀ ਨਿਗਰਾਨੀ ਕਰਨ ਵਾਲੀ ਫੌਜ ਦੀ ਇਸ ਪ੍ਰਕਿਰਿਆ ਦਾ ਇੱਕ ਅਟੱਲ ਸਿੱਟਾ ਕੱਟੜ ਵਿਰੋਧੀਆਂ-ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਅਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਵਿੱਚ ਵਧ ਰਹੀ ਦੋਸਤੀ ਸੀ। ਇਹ ਆਪਣੇ ਆਪ ਵਿੱਚ ਪਾਕਿਸਤਾਨੀ ਸਿਆਸਤ ਦੀ ਨਿਰੰਤਰ ਹੱਦਬੰਦੀ ਅਤੇ ਇਸ ਨੂੰ ਬਦਲ ਦੇਣ ਵਿੱਚ ਇਮਰਾਨ ਦੀ ਨਾਕਾਮੀ ਨੂੰ ਸਾਹਮਣੇ ਲਿਆਉਂਦਾ ਹੈ। ਫੌਜ ਨੂੰ ਉਮੀਦ ਸੀ ਕਿ ਇਮਰਾਨ ਪਾਕਿਸਤਾਨ ਨੂੰ ਵਧੀਆ ਹਕੂਮਤ (ਸੁਸ਼ਾਸਨ) ਦੇਣ ਵਿੱਚ ਸਫਲ ਹੋਵੇਗਾ, ਜਿਸ ਦੀ ਦੇਸ਼ ਦੀ ਸਥਿਰਤਾ ਅਤੇ ਇਸ ਦੇ ਅਰਥਚਾਰੇ ਨੂੰ ਲੀਹ ਉੱਤੇ ਲਿਆਉਣ ਲਈ ਸਖਤ ਲੋੜ ਸੀ, ਪਰ ਇਮਰਾਨ ਹਕੂਮਤ ਦੀ ਨਾ-ਤਜਰਬੇਕਾਰੀ ਅਤੇ ਨਾਲ ਕੋਵਿਡ ਦੀ ਮਾਰ ਨੇ ਸਾਰੀਆਂ ਉਮੀਦਾਂ ਤੇ ਕੋਸ਼ਿਸ਼ਾਂ ਉੱਤੇ ਪਾਣੀ ਫੇਰ ਦਿੱਤਾ। ਇਮਰਾਨ ਨੇ ਇਹ ਆਖ ਕੇ ਉਮੀਦਾਂ ਬੰਨ੍ਹਵਾਈਆਂ ਕਿ ਉਹ 'ਨਵਾਂ ਪਾਕਿਸਤਾਨ' ਸਿਰਜੇਗਾ, ਜਿੱਥੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟ ਸੁੱਟਿਆ ਜਾਵੇਗਾ ਅਤੇ ਸਾਰਿਆਂ ਨੂੰ ਨੌਕਰੀਆਂ ਦੇ ਭਰਪੂਰ ਮੌਕੇ ਮਿਲਣਗੇ।

ਜਾਪਦਾ ਹੈ ਕਿ ਉਸ ਦੇ ਕਾਰਜਕਾਲ ਦੌਰਾਨ ਭ੍ਰਿਸ਼ਟਾਚਾਰ ਵਿੱਚ ਉਲਟਾ ਵਾਧਾ ਹੋਇਆ ਤੇ ਜਿੱਥੋਂ ਤੱਕ ਨੌਕਰੀਆਂ ਵਧਾਉਣ ਦਾ ਸਵਾਲ ਹੈ, ਉਹ ਵੀ ਵਾਅਦੇ ਮੁਤਾਬਕ ਨਹੀਂ ਵਧੀਆਂ। ਇਸ ਤੋਂ ਇਲਾਵਾ ਮਹਿੰਗਾਈ ਵਿੱਚ ਵਾਧਾ ਹੋਇਆ ਜਿਸ ਵਿੱਚ ਤੇਲ ਤੇ ਬਿਜਲੀ ਦੀਆਂ ਦਰਾਂ ਵਿੱਚ ਵਾਧੇ ਦਾ ਖਾਸ ਰੋਲ ਸੀ। ਦੂਸਰੇ ਪਾਸੇ ਪਾਕਿਸਤਾਨੀ ਰੁਪਏ ਦੀ ਕੀਮਤ ਵਿੱਚ ਨਾਟਕੀ ਗਿਰਾਵਟ ਆਈ। ਬੀਤੇ ਹਫਤਿਆਂ ਦੌਰਾਨ ਸੁਪਰੀਮ ਕੋਰਟ ਅਤੇ ਪਾਕਿਸਤਾਨੀ ਕੌਮੀ ਅਸੈਂਬਲੀ ਵਿੱਚ ਜੋ ਕੁਝ ਵਾਪਰਿਆ, ਉਸ ਦਾ ਫੌਰੀ ਤੇ ਮੁੱਖ ਕਾਰਨ ਅਰਥਚਾਰੇ ਨਾਲ ਸੰਬੰਧਤ ਸਮੱਸਿਆਵਾਂ ਹੀ ਸਨ।

ਇਮਰਾਨ ਨੇ ਆਪਣੀ ਸੱਤਾ ਬਚਾਉਣ ਲਈ ਅਖੀਰ ਤੱਕ (ਕ੍ਰਿਕਟ ਦੀ ਭਾਸ਼ਾ ਵਿੱਚ 'ਆਖਰੀ ਗੇਂਦ ਤੱਕ') ਲੜਨ ਦਾ ਐਲਾਨ ਕੀਤਾ। ਉਨ੍ਹਾਂ ਕੌਮ ਦੇ ਨਾਂ ਸੰਦੇਸ਼ ਵਿੱਚ ਇੱਥੋਂ ਤੱਕ ਆਖਿਆ, "ਸੱਤਾ ਤਬਦੀਲੀ ਲਈ, ਵਿਦੇਸ਼ੀ ਸਾਜ਼ਿਸ਼ ਖਿਲਾਫ ਆਜ਼ਾਦੀ ਦਾ ਸੰਘਰਸ਼ ਅੱਜ ਮੁੜ ਸ਼ੁਰੂ ਹੋ ਰਿਹਾ ਹੈ।" ਦੇਖਣਾ ਇਹ ਹੋਵੇਗਾ ਕਿ ਕੀ ਉਸ ਦਾ ਇਹ ਸੁਨੇਹਾ ਉਸ ਦੇ ਵੋਟਰਾਂ ਤੱਕ ਪੁੱਜਾ ਹੈ ਜਾਂ ਨਹੀਂ। ਇਹ ਦੇਖਣ ਤੇ ਧਿਆਨ ਵਿੱਚ ਰੱਖਣ ਵਾਲੀ ਗੱਲ ਹੈ ਕਿ ਤਮਾਮ ਦਬਾਵਾਂ ਦੇ ਬਾਵਜੂਦ ਇਮਰਾਨ ਸਰਕਾਰ ਖਿਲਾਫ ਬੇਭਰੋਸਗੀ ਮਤਾ ਮੁਕਾਬਲਤਨ ਬਹੁਤ ਮਾਮੂਲੀ ਫਰਕ ਨਾਲ ਹੀ ਪਾਸ ਹੋਇਆ ਹੈ। ਹਾਲ ਦੀ ਘੜੀ, ਇਮਰਾਨ ਦੀ ਪੀ ਟੀ ਆਈ ਉਸ ਦੇ ਨਾਲ ਖੜ੍ਹੀ ਜਾਪਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769



WWW.KULWINDERCHHINA.COM
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਢਿੱਲੋਂ
647-391-3365

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
**204-333-9000, 416-818-3777**



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976



A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ



## Urgently Need New Listings in Brampton/Caledon



visit: www.teamjagaujla.com

Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:


Platinum Club Award (2020-2017) (2009-2018) (REMAX International) · Chairman's Club Award (2021, 2018, 2015, 2014, 2013, 2012, 2011, 2010) · Hall of Fame (2010) · Lifetime Achievement Award (2014) · Advertisement GUARANTEED Till SOLD · MCNE

## CALL JAG FOR A QUICK & FREE HOME EVALUATION

www BramptonTopRealtor.com www BramptonTopAgent.com

## RECENTLY LISTED/SOLD IN YOUR NEIGHBOURHOOD BY JAG AUJLA


**JUST LISTED FOR SALE**



* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**



* Spent over $200k on upgrades

* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

BRAMPTON, ONTARIO — Call Jag Aujla For Details




SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood



SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird



SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell




SOLD @101% OF ASKING PRICE
12 Laurelcrest St
Queen / Laurelcrest / Hwy 410




SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410




SOLD @99% OF ASKING PRICE
11 Van Hoof Crest
Castlemore/ Goreway / Latania



SOLD $121,000 OVER ASKING IN 6 DAYS Caledon
42 Pinedale Ave
Kennedy / Dougall



SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood



SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy

## FREE

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777 416.802.5866
31 Melanie Dr. Unit #4 Brampton, ON L6T 5H8



SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੇਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

## HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017